


The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 10 No: 231 Website : www.punjabiakhbaar.ca EmaiI: editor@punjabiakhbaar.ca Friday, 3 November 2023

# ਕਨੇਡਾ ਨੇ ਵੂਈ ਚੈਟ ਤੇ ਕੈਸਪਰਸਕੀ ਐਪਸ ਉੱਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ




ਓਟਵਾ,(ਪੰਜਾਬੀ ਅਖ਼ਬਾਰ ਬਿਊਰੋ) ਸਕਿਊਰਿਟੀ ਸਬੰਧੀ ਚਿੰਤਾ ਕਾਰਨ ਫੈਡਰਲ ਸਰਕਾਰ ਵੱਲੋਂ ਵੂਈ ਚੈਟ ਤੇ ਕੈਸਪਰਸਕੀ ਵਰਗੀਆਂ ਐਪਲੀਕੇਸ਼ਨਜ਼ ਨੂੰ ਕਨੇਡੀਅਾਂ ਫੋਨਾਂ ਉੱਪਰ ਬੈਨ ਕੀਤਾ ਜਾ ਰਿਹਾ ਹੈ। ਵੂਈ ਚੈਟ ਚੀਨ ਦੀ ਕੰਪਨੀ ਟੈਂਸੈਂਟ ਦਾ ਸੋਸ਼ਲ ਨੈੱਟਵਰਕ, ਮੈਸੇਜਿੰਗ ਤੇ ਪੇਅਮੈਂਟਜ਼ ਸਬੰਧੀ ਐਪ ਹੈ ਜਦਕਿ ਕੈਸਪਰਸਕੀ ਨੂੰ ਰੂਸੀ ਕਾਰੋਬਾਰੀ ਯੂਜੀਨ ਕੈਸਪਰਸਕੀ ਵੱਲੋਂ ਤਿਆਰ ਕੀਤਾ ਗਿਆ ਹੈ ਤੇ ਇਹ ਸਾਈਬਰ ਸਕਿਊਰਿਟੀ ਤੇ ਐਂਟੀਵਾਇਰਸ ਸੌਫਟਵੇਅਰ ਮੁਹੱਈਆ ਕਰਵਾਉਂਦਾ ਹੈ। ਕਨੇਡਾ ਸਰਕਾਰ ਦਾ ਕਹਿਣਾ ਹੈ ਕਿ ਇਹ ਦੋਵੇਂ ਐਪਸ ਉਨ੍ਹਾਂ ਦੀਆਂ ਡਿਵਾਈਸਾਂ ਤੋਂ ਹਟਾਏ ਜਾਣਗੇ ਤੇ ਭਵਿੱਖ ਵਿੱਚ ਯੂਜ਼ਰਜ਼ ਨੂੰ ਵੀ ਵੂਈ ਚੈਟ ਜਾਂ ਕੈਸਪਰਸਕੀ ਪ੍ਰੋਡਕਟਸ ਡਾਊਨਲੋਡ ਕੀਤੇ ਜਾਣ ਉੱਤੇ ਪਾਬੰਦੀ ਲਗਾ ਦਿੱਤੀ ਜਾਵੇਗੀ। ਇਹ ਆਖਿਆ ਜਾ ਰਿਹਾ ਹੈ ਕਿ ਕੈਨੇਡਾ ਦੇ ਚੀਫ ਇਨਫਰਮੇਸ਼ਨ ਆਫੀਸਰ ਨੂੰ ਇਹ ਪੱਕਾ ਯਕੀਨ ਹੈ ਕਿ ਵੂਈ ਚੈਟ ਤੇ ਕੈਸਪਰਸਕੀ ਐਪਸ ਕਾਰਨ ਲੋਕਾਂ ਤੇ ਸਰਕਾਰ ਦੀ ਪ੍ਰਾਈਵੇਸੀ ਤੇ ਸਕਿਊਰਿਟੀ ਨੂੰ ਖਤਰਾ ਹੈ।

ਇਸ ਫੈਸਲੇ ਉੱਤੇ ਕੈਸਪਰਸਕੀ ਨੇ ਇੱਕ ਬਿਆਨ ਵਿੱਚ ਆਖਿਆ ਕਿ ਉਨ੍ਹਾਂ ਨੂੰ ਇਸ ਫੈਸਲੇ ਕਾਰਨ ਕਾਫੀ ਨਿਰਾਸ਼ਾ ਦੇ ਨਾਲ ਨਾਲ ਹੈਰਾਨੀ ਵੀ ਹੋਈ ਹੈ। ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਇਹ ਫੈਸਲਾ ਸਿਆਸੀ ਆਧਾਰ ਉੱਤੇ ਕੀਤਾ ਗਿਆ ਲੱਗਦਾ ਹੈ।

# ਮੁਕੇਸ਼ ਅੰਬਾਨੀ ਨੂੰ ਜਾਨੋਂ ਮਾਰਨ ਦੀ ਮਿਲੀ ਤੀਜੀ ਧਮਕੀ, ਵਿੱਚ 400 ਕਰੋੜ ਮੰਗੇ



ਮੁੰਬਈ, (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਅਤੇ ਕਾਰੋਬਾਰੀ ਮੁਕੇਸ਼ ਅੰਬਾਨੀ ਨੂੰ ਬੀਤੇ ਚਾਰ ਦਿਨਾਂ ਦੇ ਅੰਦਰ ਤੀਜੀ ਵਾਰ ਜਾਨ ਤੋਂ ਮਾਰਨ ਦੀ ਧਮਕੀ ਮਿਲੀ ਹੈ। 27 ਅਤੇ 28 ਅਕਤੂਬਰ ਨੂੰ ਧਮਕੀਆਂ ਮਿਲਣ ਤੋਂ ਬਾਅਦ ਮੁਕੇਸ਼ ਅੰਬਾਨੀ ਨੂੰ ਬੀਤੇ ਸੋਮਵਾਰ 30 ਅਕਤੂਬਰ 2023 ਨੂੰ ਮੁੜ ਧਮਕੀ ਮਿਲੀ ਹੈ। ਗਾਮਦੇਵੀ ਪੁਲਿਸ ਨੇ ਦੱਸਿਆ ਕਿ ਸੋਮਵਾਰ ਸਵੇਰੇ ਮੁਕੇਸ਼ ਅੰਬਾਨੀ ਨੂੰ ਉਨ੍ਹਾਂ ਦੀ ਕੰਪਨੀ ਦੀ ਮੇਲ ਆਈਡੀ 'ਤੇ ਇੱਕ ਈ-ਮੇਲ ਮਿਲਿਆ। ਇਸ ਵਿੱਚ ਹੁਣ 400 ਕਰੋੜ ਰੁਪਏ ਦੀ ਮੰਗ ਕੀਤੀ ਗਈ ਹੈ। ਮੰਗਾਂ ਪੂਰੀਆਂ ਨਾ ਹੋਣ 'ਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ।ਇਸ ਤੋਂ ਪਹਿਲਾਂ ਸ਼ੁੱਕਰਵਾਰ 27 ਅਕਤੂਬਰ 2023 ਦੀ ਸ਼ਾਮ ਨੂੰ ਇਸੇ ਮੇਲ 'ਤੇ 20 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ ਅਤੇ ਸ਼ਨੀਵਾਰ 28 ਅਕਤੂਬਰ ਨੂੰ 200 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ। ਮੇਲ ਵਿੱਚ ਕਿਹਾ ਗਿਆ ਸੀ ਕਿ ਉਹ ਅੰਬਾਨੀ ਨੂੰ ਦੇਸ਼ ਦੇ ਸਰਵੋਤਮ ਨਿਸ਼ਾਨੇਬਾਜ਼ ਤੋਂ ਮਰਵਾ ਦੇਣਗੇ। ਪੁਲਿਸ ਮੁਤਾਬਕ ਉਸੇ ਅਕਾਊਂਟ ਤੋਂ ਆਈ ਮੇਲ 'ਚ ਲਿਖਿਆ ਹੈ ਕਿ ਸਾਡੀ ਈਮੇਲ ਦਾ ਕੋਈ ਜਵਾਬ ਨਹੀਂ ਆਇਆ, ਇਸ ਲਈ ਹੁਣ ਇਹ ਰਕਮ 200 ਕਰੋੜ ਰੁਪਏ ਹੈ, ਜੇਕਰ ਇਹ ਰਕਮ ਨਹੀਂ ਮਿਲਦੀ ਤਾਂ ਮੌਤ ਦੇ ਵਾਰੰਟ 'ਤੇ ਦਸਤਖਤ ਤੈਅ ਸਮਝ ਲਵੋ।

# ਆਜ਼ਾਦੀ ਦਾ ਮਤਲਬ ਕੁਰਬਾਨੀਆਂ ਨਹੀਂ ਹੋਵੇਗਾ : ਕਿਊਬਿਕ ਨੇਤਾ




ਮਾਂਟਰੀਆਲ(ਪੰਜਾਬੀ ਅਖਬਾਰ ਬਿਊਰੋ)- ਕਿਊਬਿਕ ਨੂੰ ਕੈਨੇਡਾ ਦਾ ਹਿੱਸਾ ਬਣਾ ਕੇ ਰੱਖਣ ਦਾ ਸੰਘੀ ਤਰਕ ਕਦੇ ਕਮਜ਼ੋਰ ਨਹੀਂ ਰਿਹਾ ਹੈ। ਇਹ ਗੱਲ ਕਿਊਬੇਕਾਇਸ ਨੇਤਾ ਪੌਲ ਸੈਂਟ-ਪਿਅਰੇ ਪਲੈਮੋਂਡਨ ਨੇ ਸਿੱਖਿਆ ਦੇ ਮੁੱਦੇ ਤੇ ਰਾਸ਼ਟਰੀ ਪਰੀਸ਼ਦ ਦੀ ਬੈਠਕ ਚ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਆਖੀ। ਪੌਲ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਆਜ਼ਾਦੀ ਦਾ ਮਤਲਬ ਬਲੀਦਾਨ ਨਹੀਂ, ਕੈਨੇਡਾ ਵਿਚ ਰਹਿਣਾ ਹੁੰਦਾ ਹੈ। ਜੇਕਰ ਅਜਿਹਾ ਕੁਝ ਹੁੰਦਾ ਤਾਂ ਉਹ ਮਾਣ ਨਾਲ ਭਰ ਜਾਂਦਾ, ਜਿਸ ਵਿਚ ਹੰਕਾਰ ਵੀ ਸ਼ਾਮਲ ਹੈ। ਕਿਊਬਿਕ ਪ੍ਰਾਪਤ ਹੋਵੇਗਾ ਕਿਉਂਕਿ ਲੋਕ ਨਵੇਂ ਸੂਬੇ ਦੀ ਸਥਾਪਨਾ ਦੇ ਕੰਮ ਵੱਲ ਮੁੜ ਰਹੇ ਹਨ।ਦਰਅਸਲ ਪਿਛਲੇ ਹਫ਼ਤੇ ਪ੍ਰੀਮੀਅਰ ਫ੍ਰਾਂਕੋਇਸ ਲੇਗੌਲਟ ਨੇ ਟਿੱਪਣੀ ਕੀਤੀ ਕਿ ਇਕ ਸੁਤੰਤਰ ਕਿਊਬਿਕ ਵਿਹਾਰਕ ਹੈ ਪਰ ਕਈ ਸਾਲਾਂ ਦੀਆਂ ਕੁਰਬਾਨੀਆਂ ਦੀ ਲੋੜ ਪਵੇਗੀ।ਪੌਲ ਸੇਂਟ-ਪੀਅਰੇ ਪਲਾਮੋਂਡਨ ਨੇ ਇਹ ਕਹਿਣ ਲਈ ਆਪਣੇ ਸ਼ਬਦਾਂ ਨੂੰ ਮੋੜ ਦਿੱਤਾ ਅਤੇ ਕਿਹਾ ਕਿ ਸੰਘੀ ਖੇਮਾ ਇੰਨਾ ਕਮਜ਼ੋਰ ਨਹੀਂ ਹੈ। ਨਵਾਂ ਕਿਊਬਿਕ ਦੇਸ਼ ਲਈ ਤਬਦੀਲੀ ਲਿਆਵੇਗਾ। ਕਿਊਬਿਕ ਤੀਜੀ ਦੁਨੀਆ ਦਾ ਦੇਸ਼ ਬਣ ਜਾਵੇਗਾ। ਪੌਲ ਨੇ ਕਿਹਾ ਕਿ ਮੈਂ ਇਹ ਨੋਟ ਕੀਤਾ ਹੈ ਕਿ ਪਿਛਲੇ ਹਫ਼ਤੇ ਨੈਸ਼ਨਲ ਅਸੈਂਬਲੀ- ਸੰਘੀ ਕਿਊਬਿਕ ਉਦਾਰਵਾਦੀ ਵੀ ਸ਼ਾਮਲ ਸਨ, ਨੇ ਇਕ ਪ੍ਰਸਤਾਵ ਅਪਣਾਇਆ ਇਹ ਮੰਨਦੇ ਹੋਏ ਕਿ ਕਿਊਬਿਕ ਅਰਥਵਿਵਸਥਾ ਦੀ ਜੀਵਨਸ਼ਕਤੀ ਇਕ ਸੁਤੰਤਰ ਕਿਊਬਿਕ ਰਾਜ ਦੀ ਵਿੱਤੀ ਜੀਵਨਸ਼ਕਤੀ ਨੂੰ ਯਕੀਨੀ ਬਣਾਏਗੀ। ਪੌਲ ਸੈਂਟ ਪੀਅਰ ਨੇ ਅੱਗੇ ਕਿਹਾ ਕਿ ਸੰਘੀ ਦਲੀਲਾਂ ਕਦੇ ਵੀ ਕਮਜ਼ੋਰ ਨਹੀਂ ਰਹੀਆਂ।

# ਸੁਖਪਾਲ ਖਹਿਰਾ 'ਤੇ ਦਰਜ ਹੋ ਸਕਦੈ ਇੱਕ ਹੋਰ ਮਾਮਲਾ, ਐਸ. ਆਈ. ਟੀ. ਦੇ ਹੱਥ ਲੱਗੇ ਅਹਿਮ ਸਬੂਤ



ਕਪੂਰਥਲਾ (ਪੰਜਾਬੀ ਅਖਬਾਰ ਬਿਊਰੋ)-ਹਲਕਾ ਭੁਲੱਥ ਵਿਧਾਨ ਸਭਾ ਸੀਟ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀਆਂ ਮੁਸ਼ਕਿਲਾਂ ਹੋਰ ਵਧਦੀਆਂ ਜਾ ਰਹੀਆਂ ਹਨ। ਦੱਸ ਦਈਏ ਕਿ ਖਹਿਰਾ ਨੂੰ 8 ਸਾਲ ਪੁਰਾਣੇ ਡਰੱਗਜ਼ ਮਾਮਲੇ 'ਚ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ ਹੈ। ਪੰਜਾਬ ਪੁਲਿਸ ਦੀ ਐੱਸ. ਆਈ. ਟੀ. ਸੁਖਪਾਲ ਸਿੰਘ ਖਹਿਰਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੇ ਖਾਤਿਆਂ ਦੀ ਲਗਾਤਾਰ ਜਾਂਚ ਕਰ ਰਹੀ ਹੈ। ਹੁਣ ਤੱਕ 45 ਖ਼ਾਤਿਆਂ ਦੀ ਜਾਂਚ ਹੋ ਚੁੱਕੀ ਹੈ। ਐੱਸ. ਆਈ. ਟੀ. ਨਾਲ ਜੁੜੇ ਸੂਤਰਾਂ ਦਾ ਦਾਅਵਾ ਹੈ ਕਿ ਜਾਂਚ ਦੌਰਾਨ ਖ਼ਾਤਿਆਂ ਵਿੱਚ ਕਰੋੜਾਂ ਰੁਪਏ ਦੇ ਲੈਣ-ਦੇਣ ਦਾ ਖ਼ੁਲਾਸਾ ਹੋਇਆ ਹੈ। ਇਸ ਦਾ ਮਤਲਬ ਹੈ ਕਿ ਹੁਣ ਇਸ ਆਧਾਰ 'ਤੇ ਖ਼ਹਿਰਾ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਵੀ ਦਰਜ ਕੀਤਾ ਜਾ ਸਕਦਾ ਹੈ। ਉਥੇ ਹੀ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੂੰ ਹਾਈਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ ਹੈ। ਇਸ ਮਾਮਲੇ ਵਿਚ ਅਦਾਲਤ ਨੇ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਹੈ ਕਿ ਇਸ ਮਾਮਲੇ 'ਚ ਖਹਿਰਾ ਦੀ ਕੀ ਭੂਮਿਕਾ ਹੈ ਅਤੇ ਉਨ੍ਹਾਂ ਖਿਲਾਫ਼ ਕੀ ਸਬੂਤ ਹਨ। ਹਾਈਕੋਰਟ ਨੇ ਸਰਕਾਰ ਤੋਂ ਇਸ ਬਾਰੇ ਜਾਣਕਾਰੀ ਮੰਗੀ ਹੈ। ਦੱਸ ਦਈਏ ਕਿ ਸੁਖਪਾਲ ਖਹਿਰਾ ਨੂੰ 2015 ਦੇ ਐੱਨ. ਡੀ. ਪੀ. ਐੱਸ. ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਮਾਮਲੇ ਵਿਚ ਖਹਿਰਾ ਨੂੰ ਅੱਠ ਸਾਲ ਬਾਅਦ ਹਿਰਾਸਤ ਵਿਚ ਲਿਆ ਗਿਆ ਹੈ। ਐੱਸ. ਆਈ. ਟੀ. ਦੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਉਨ੍ਹਾਂ ਦੇ ਕਰੀਬੀਆਂ ਦੇ ਖ਼ਾਤਿਆਂ ਵਿੱਚ ਕਰੋੜਾਂ ਰੁਪਏ ਜਮ੍ਹਾ ਹਨ। ਸਾਲ 2014 ਤੋਂ 2020 ਦਰਮਿਆਨ ਖਹਿਰਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਕਰੀਬ 6.5 ਕਰੋੜ ਰੁਪਏ ਖ਼ਰਚ ਕੀਤੇ ਹਨ। ਇਸ ਤੋਂ ਇਲਾਵਾ ਖਹਿਰਾ ਕੋਲ 6 ਗੱਡੀਆਂ ਵੀ ਹਨ, ਜਿਨ੍ਹਾਂ ਦੀ ਹਰ ਮਹੀਨੇ 4.5 ਲੱਖ ਰੁਪਏ ਦੀ ਕਿਸ਼ਤ ਅਦਾ ਕੀਤੀ ਜਾਂਦੀ ਹੈ ਜਦਕਿ ਖਹਿਰਾ ਦੀ ਆਮਦਨ ਸਿਰਫ਼ 2.5 ਲੱਖ ਰੁਪਏ ਹੈ। ਇਸ ਤੋਂ ਇਲਾਵਾ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਪੀ. ਏ. ਦਾ ਖਾਤਾ ਚਲਾਉਣ ਲਈ ਦਿੱਤਾ ਗਿਆ ਮੋਬਾਇਲ ਨੰਬਰ ਵੀ ਉਸ ਦੇ ਪਰਿਵਾਰ ਦੀ ਔਰਤ ਦਾ ਨੰਬਰ ਹੈ। ਇਸ ਖ਼ਾਤੇ 'ਚ ਕਰੀਬ 2 ਕਰੋੜ ਰੁਪਏ ਜਮ੍ਹਾ ਹਨ। ਇਸ ਤੋਂ ਇਲਾਵਾ ਖਹਿਰਾ ਦੇ ਰਿਸ਼ਤੇਦਾਰਾਂ ਤੋਂ ਲੈ ਕੇ ਉਨ੍ਹਾਂ ਦੇ ਗੰਨਮੈਨ ਤੱਕ ਦੇ ਖ਼ਾਤਿਆਂ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਨਾਲ ਹੀ ਇਕ ਸਹਿਕਾਰੀ ਬੈਂਕ ਦੇ ਖ਼ਾਤੇ ਵਿੱਚ 2 ਕਰੋੜ ਰੁਪਏ ਜਮ੍ਹਾ ਹੋਏ ਹਨ, ਜਿਸ ਵਿੱਚੋਂ 43 ਲੱਖ ਰੁਪਏ ਦੀ ਕੈਸ਼ ਐਂਟਰੀ ਹੋਈ ਹੈ। ਸੂਤਰਾਂ ਦੀ ਮੰਨੀਏ ਤਾਂ ਈ. ਡੀ. ਵੱਲੋਂ ਪੰਜਾਬ ਪੁਲਿਸ ਨੂੰ ਦੱਸਿਆ ਹੈ ਕਿ 2014 ਤੋਂ 2020 ਤੱਕ 6.5 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ। ਜਦਕਿ ਇਸ ਸਮੇਂ ਦੌਰਾਨ ਉਨ੍ਹਾਂ ਦੀ ਕੁੱਲ ਆਮਦਨ 3 ਕਰੋੜ ਰੁਪਏ ਤੋਂ ਘੱਟ ਸੀ। ਐੱਸ. ਆਈ. ਟੀ. ਦੀ ਜਾਂਚ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਖਹਿਰਾ ਦੇ ਕਰੀਬੀ ਰਿਸ਼ਤੇਦਾਰਾਂ ਦੇ ਖ਼ਾਤਿਆਂ ਵਿੱਚ ਜੋ ਪੈਸੇ ਜਮ੍ਹਾ ਕਰਵਾਏ ਜਾਂਦੇ ਸਨ, ਉਨ੍ਹਾਂ ਪੈਸਿਆਂ ਨੂੰ ਤੁਰੰਤ ਹੀ ਟਰਾਂਸਫਰ ਕਰ ਦਿੱਤਾ ਜਾਂਦਾ ਸੀ।




# ਥਾਈਲੈਂਡ ਨੇ ਭਾਰਤੀ ਸੈਲਾਨੀਆਂ ਲਈ ਵੀਜ਼ਾ ਸ਼ਰਤਾਂ ਖਤਮ ਕੀਤੀਆਂ

ਨਵੀਂ ਦਿੱਲੀ(ਪੰਜਾਬੀ ਅਖਬਾਰ ਬਿਊਰੋ)- ਥਾਈਲੈਂਡ ਨੇ ਅਗਲੇ ਮਹੀਨੇ ਤੋਂ ਮਈ 2024 ਤੱਕ ਭਾਰਤ ਅਤੇ ਤਾਇਵਾਨ ਦੇ ਯਾਤਰੀਆਂ ਲਈ ਵੀਜ਼ਾ ਸ਼ਰਤਾਂ ਨੂੰ ਮੁਆਫ ਕਰਨ ਦਾ ਫੈਸਲਾ ਕੀਤਾ ਹੈ, ਕਿਉਂਕਿ ਦੇਸ਼ ਆਪਣੀ ਆਰਥਿਕਤਾ ਨੂੰ ਸੁਧਾਰਨ ਲਈ ਸੀਜ਼ਨ ਵਿੱਚ ਵਧੇਰੇ ਸੈਲਾਨੀਆਂ ਨੂੰ ਖਿੱਚਣਾ ਚਾਹੁੰਦਾ ਹੈ। ਥਾਈ ਸਰਕਾਰ ਦੇ ਬੁਲਾਰੇ ਅਨੁਸਾਰ, ਭਾਰਤ ਅਤੇ ਤਾਇਵਾਨ ਤੋਂ ਆਉਣ ਵਾਲੇ ਸੈਲਾਨੀਆਂ ਨੂੰ 30 ਦਿਨਾਂ ਲਈ ਥਾਈਲੈਂਡ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਸਾਲ ਭਾਰਤ ਤੋਂ 12 ਲੱਖ ਸੈਲਾਨੀ ਥਾਈਲੈਂਡ ਪੁੱਜੇ ਹਨ। ਉਸ ਤੋਂ ਅੱਗੇ ਮਲੇਸ਼ੀਆ, ਚੀਨ ਅਤੇ ਦੱਖਣੀ ਕੋਰੀਆ ਹਨ। ਥਾਈਲੈਂਡ ਨੇ ਪਹਿਲਾਂ ਸਤੰਬਰ ਵਿੱਚ ਚੀਨੀ ਸੈਲਾਨੀਆਂ ਲਈ ਵੀਜ਼ਾ ਸ਼ਰਤਾਂ ਨੂੰ ਮੁਆਫ ਕਰ ਦਿੱਤਾ ਹੈ। ਜਨਵਰੀ ਤੋਂ ਅਕਤੂਬਰ 29 ਤੱਕ, ਥਾਈਲੈਂਡ ਵਿੱਚ 2 ਕਰੋੜ 20 ਲੱਖ ਸੈਲਾਨੀ ਆਏ।







# ਸਿੱਖਾਂ ਦੀ ਪੱਗ ਅੱਤਵਾਦ ਦਾ ਨਹੀਂ, ਸਗੋਂ ਭਰੋਸੇ ਦਾ ਪ੍ਰਤੀਕ : ਐਰਿਕ ਐਡਮਜ਼

ਨਿਊਯਾਰਕ (ਰਾਜ ਗੋਗਨਾ) : ਬੀਤੇਂ ਦਿਨ ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਰਿਚਮੰਡ ਹਿੱਲ ਕੁਈਨਜ਼ ਨਿਊਯਾਰਕ ਦੇ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਗੁਰਦੁਆਰਾ ਸਾਹਿਬ ਵਿੱਖੇ ਪੁੱਜੇ। ਇਸ ਮੌਕੇ ਉਨ੍ਹਾਂ ਸਿੱਖਾਂ ਤੇ ਨਿਊਯਾਰਕ ਵਿੱਖੇ ਹੋਏ ਹਮਲਿਆਂ ਨੂੰ ਨਫ਼ਰਤੀ ਅਪਰਾਧਾਂ ਤਹਿਤ ਦੇਸ਼ ਤੇ ਧੱਬਾ ਕਰਾਰ ਦਿੰਦਿਆਂ ਸਿੱਖ ਕਮਿਊਨਿਟੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖਾਂ ਦੀ ਪੱਗ ਦਾ ਮਤਲਬ ਅੱਤਵਾਦ ਨਹੀਂ ਹੈ ਸਗੋਂ ਇਹ ਕੌਮ ਆਸਥਾ ਦਾ ਇਕ ਪ੍ਰਤੀਕ ਹੈ।ਮੇਅਰ ਐਡਮਜ਼ ਨੇ ਆਪਣੇ ਭਾਸ਼ਣ ਚ ਸਿੱਖਾਂ ਦੀ ਰਾਖੀ ਕਰਨ ਅਤੇ ਸਿੱਖ ਧਰਮ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦਾ ਵੀ ਸੱਦਾ ਦਿੱਤਾ। ਉਨ੍ਹਾਂ ਸਿੱਖ ਕੌਮ ਨੂੰ ਮਨੁੱਖਤਾ ਦੇ ਰਾਖੇ ਕਰਾਰ ਦਿੰਦਿਆਂ ਕਿਹਾ ਕਿ ਭਾਈਚਾਰੇ ਵੱਲੋਂ ਸਜਾਈ ਜਾਂਦੀ ਪੱਗ (ਦਸਤਾਰ) ਕਿਸੇ ਨਫ਼ਰਤ ਦਾ ਨਹੀਂ ਸਗੋਂ ਇਕ ਆਸਥਾ ਦਾ ਪ੍ਰਤੀਕ ਹੈ।



























# VESTA ELEVATE COLLECTION

AT COOPER'S CROSSING

## ELEVATE YOUR LIVING




**4 ਨਵੰਬਰ ਨੂੰ ਆ ਰਿਹਾ ਹੈ**










ਕੂਪਰਜ਼ ਕਰਾਸਿੰਗ 'ਤੇ ਜਲਦੀ ਹੀ ਪਹੁੰਚ ਰਹੇ ਵੇਸਟਾ ਐਲੀਵੇਟ ਕਲੈਕਸ਼ਨ ਨੂੰ ਪੇਸ਼ ਕਰ ਰਹੇ ਹਾਂ, ਜਿਸ ਵਿੱਚ 3-ਮੰਜ਼ਲਾ ਵਿਲੇਜ ਟਾਊਨਹੋਮਸ, 2-ਮੰਜ਼ਲਾ ਬ੍ਰੀਮਸਟੋਨ ਟਾਊਨਹੋਮਸ, ਮੋਨਾਰਕ ਲਗਜ਼ਰੀ ਲਿਵਿੰਗ ਕੰਡੋਜ਼, ਅਤੇ ਮਾਸਟਰ-ਆਨ-ਮੇਨ ਬੰਗਲੇ ਸ਼ਾਮਲ ਹਨ। ਪ੍ਰਮੁੱਖ ਆਂਢ-ਗੁਆਂਢ ਵਿੱਚ ਆਲੀਸ਼ਾਨ ਅੰਦਰੂਨੀ ਫਿਨਿਸ਼ਾਂ ਅਤੇ ਵਿਲੱਖਣ ਬਾਹਰੀ ਆਰਕੀਟੈਕਚਰ ਵਾਲੇ ਆਧੁਨਿਕ ਸਮਕਾਲੀ ਘਰ ਇੱਕ ਮਨਮੋਹਕ ਕਰਬ ਪੇਸ਼ ਕਰਦੇ ਹਨ

ਹੋਰ ਜਾਣਕਾਰੀ ਲਈ ਰਜਿਸਟਰਡ ਕਰੋ

## VESTAELEVATE.COM

VESTA
PROPERTIES
Renderings are artistic concept only and subject to change without notice.

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com

# 14 ਸਾਲ ਤੋਂ ਵੀ ਘੱਟ ਉਮਰ ਦਾ ਗੱਭਰੂ ਰੋਲਰ ਸਕੇਟਿੰਗ ਹਾਕੀ ਵਿੱਚ ਏਸ਼ੀਅਨ ਚੈਂਪੀਅਨਸ਼ਿੱਪ ਵਿੱਚੋਂ ਮੈਡਲ ਜਿੱਤ ਲਿਆਇਆ









"ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਲੁਧਿਆਣਾ ਜਿਲ਼ੇ ਦੇ ਪਿੰਡ ਦਹੇੜੂ ਦੇ ਪਿਛੋਕੜ ਵਾਲੇ ਰਾਓ ਪਰਿਵਾਰ ਵਿੱਚੋਂ ਮੇਹਰ ਸਿੰਘ ਰਾਓ ਦਾ ਪੋਤਾ ਗੁਰਸ਼ੇਰ ਸਿੰਘ ਰਾਓ ਪੁੱਤਰ ਇੰਦਰਜੀਤ ਸਿੰਘ ਰਾਓ (ਮਲਟੀਪਰਪਸ ਹੈਲਥ ਵਰਕਰ) ਰੋਲਰ ਸਕੇਟਿੰਗ ਹਾਕੀ ਵਿੱਚ ਏਸ਼ੀਅਨ ਚੈਂਪੀਅਨਸ਼ਿਪ ਖੇਡਕੇ ਮੁੜਿਆ ਹੈ। ਗੁਰਸ਼ੇਰ ਸਿੰਘ ਰਾ? ਦੇ ਚਾਚਾ ਜੀ ਸ: ਬਹਾਦਰ ਸਿੰਘ ਰਾ? ਜੋ ਕਿ ਪੰਜਾਬ ਪੁਲਿਸ ਵਿੱਚੋਂ ਡੀ ਐਸ ਪੀ ਰਿਟਾਇਰ ਹੋਣ ਉਪਰੰਤ ਕੈਲਗਰੀ ਰਹਿੰਦੇ ਹੋਏ ਇੱਕ ਇਮਾਨਦਾਰ ਪੁਲਿਸ ਅਫਸਰ ਅਤੇ ਚੰਗੇ ਸਾਈਕਲਿਸਟ ਵੱਜੋਂ ਜਾਣੇ ਜਾਂਦੇ ਹਨ,ਨੇ ਪੰਜਾਬੀ ਅਖ਼ਬਾਰ ਦੀ ਟੀਮ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਗੁਰਸ਼ੇਰ ਸਿੰਘ ਰਾ? 19 ਸਾਲ ਤੋਂ ਘੱਟ ਉਮਰ ਦੇ ਮੁੰਡਿਆਂ ਦੀ ਟੀਮ ਵਿੱਚ ਖੇਡਿਆ ਹੈ ਜਦੋਂ ਕਿ ਉਸਨੇ 01 ਦਸੰਬਰ 2023 ਨੂੰ ਅਜੇ 14 ਸਾਲ ਦਾ ਹੋਣਾ ਹੈ। ਉਨ੍ਹਾਂ ਦੀ ਟੀਮ ਨੇ 21 ਅਕਤੂਬਰ ਨੂੰ ਪਹਿਲੇ ਮੁਕਾਬਲੇ ਵਿੱਚ ਮਕਾਊ ਚਾਇਨਾ ਦੀ ਟੀਮ ਨੂੰ ਹਰਾਇਆ ਜਿਸ ਵਿੱਚ ਇੱਕ ਗੋਲ ਗੁਰਸ਼ੇਰ ਸਿੰਘ ਰਾਓ ਨੇ ਕੀਤਾ ਸੀ। 22 ਅਕਤੂਬਰ ਨੂੰ ਨਿਊਜ਼ੀਲੈਂਡ ਨੂੰ 11-1 ਨਾਲ ਹਰਾਇਆ। 23 ਅਕਤੂਬਰ ਨੂੰ ਪੀ ਆਰ ਚਾਇਨਾ ਨੂੰ 24-0 ਨਾਲ ਹਰਾਇਆ ਜਿਨ੍ਹਾਂ ਵਿੱਚੋਂ 04 ਗੋਲ ਗੁਰਸ਼ੇਰ ਸਿੰਘ ਰਾ? ਨੇ ਕੀਤੇ। 25 ਅਕਤੂਬਰ ਨੂੰ ਚਾਈਨਿਜ ਤਾਈਪੇਈ ਦੀ ਬਹੁਤ ਤਕੜੀ ਟੀਮ ਨਾਲ 04-04 ਤੇ ਬਰਾਬਰ ਰਹਿ ਕੇ ਸੈਮੀਫਾਈਨਲ ਵਿੱਚ ਪੁੱਜੇ। 26 ਅਕਤੂਬਰ ਨੂੰ ਨਿਊਜ਼ੀਲੈਂਡ ਨੂੰ ਸੈਮੀਫਾਈਨਲ ਵਿੱਚ ਫਿਰ 15-01 ਨਾਲ ਹਰਾ ਕੇ ਫਾਈਨਲ ਵਿੱਚ ਪੁੱਜ ਗਏ , ਜਿਨ੍ਹਾਂ ਵਿੱਚੋਂ 01 ਗੋਲ ਗੁਰਸ਼ੇਰ ਨੇ ਕੀਤਾ। ਗੋਲਡ ਮੈਡਲ ਲਈ ਆਖਰੀ ਮੈਚ 27 ਅਕਤੂਬਰ 2023 ਨੂੰ ਉਸੇ ਤਕੜੀ ਟੀਮ ਚਾਈਨਿਜ ਤਾਈਪੇਈ ਨਾਲ ਹੋਇਆ ਜਿਸ ਵਿੱਚ ਚਾਈਨਿਜ ਤਾਈਪੇਈ ਨੇ 6 ਗੋਲ ਅਤੇ ਇੰਡੀਆ ਦੀ ਟੀਮ ਹਿੱਸੇ 2 ਗੋਲ ਆਏ ਤਾਂ ਨਤੀਜੇ ਵੱਜੋਂ ਇਸ ਟੀਮ ਨੂੰ ਸਿਲਵਰ ਮੈਡਲ ਨਾਲ ਹੀ ਗੁਜਾਰਾ ਕਰਨਾ ਪਿਆ। ਇਸ ਸਾਰੀ ਖ਼ਬਰ ਦੀ ਡਿਟੇਲ ਵਿੱਚ ਜਾਈਏ ਤਾਂ ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਭਾਰਤ ਦਾ ਸਿਲਵਰ ਅਤੇ ਬਰਾਉਂਜ਼ ਮੈਡਲ ਆਇਆ ਹੈ। ਚੀਨ ਵਿੱਚ ਹੋਈ ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਲਈ ਪੰਜਾਬ ਦੇ ਅੱਠ ਮੁੰਡੇ ਜੂਨੀਅਰ ਟੀਮ ਵਿੱਚ ਚੁਣੇ ਗਏ ਅਤੇ ਤਿੰਨ ਕੁੜੀਆਂ ਟੀਮ ਵਿੱਚ ਚੁਣੀਆਂ ਗਈਆਂ। ਅੱਠ ਮੁੰਡਿਆਂ ਵਿੱਚੋਂ ਸੱਤ ਮੁੰਡੇ ਸੰਗਰੂਰ ਦੇ ਚੁਣੇ ਗਏ ਸਨ। ਇਹ ਖਿਡਾਰੀ ਰੋਲਰ ਸਕੇਟਿੰਗ ਰਿੰਕ ਵਾਰ ਹੀਰੋਜ਼ ਸਟੇਡੀਅਮ ਸੰਗਰੂਰ ਵਿੱਚ ਕੋਚ ਸਰਦਾਰ ਨਵਦੀਪ ਸਿੰਘ ਔਜਲਾ ਕੋਲ਼ ਪ੍ਰੈਕਟਿਸ ਕਰਦੇ ਹਨ।ਇਹਨਾਂ ਦੀ ਸਖ਼ਤ ਮਿਹਨਤ ਸਦਕਾ ਖਿਡਾਰੀ ਏਸ਼ੀਅਨ ਖੇਡਾਂ ਚੋਂ ਮੈਡਲ ਪ੍ਰਾਪਤ ਕਰਕੇ ਆਏ ਹਨ। ਕੁੜੀਆਂ ਵੀ ਕੋਚ ਨਵਦੀਪ ਸਿੰਘ ਔਜਲਾ ਜੀ ਕੋਲ਼ ਪ੍ਰੈਕਟਿਸ ਕਰਦੀਆਂ ਸਨ। ਇਹ ਖਿਡਾਰਨਾਂ ਵੀ ਕਾਂਸੀ ਦਾ ਮੈਡਲ ਲੈਕੇ ਆਈਆਂ ਹਨ। ਸਿਲਵਰ ਮੈਡਲ ਪ੍ਰਾਪਤ ਕਰਨ ਵਾਲ਼ੇ ਖਿਡਾਰੀਆਂ ਦੇ ਨਾਮ ਏਸ ਪ੍ਰਕਾਰ ਹਨ। ਗੁਰਸੇਵਕ ਸਿੰਘ ਚੀਮਾਂ, ਪ੍ਰਣਵ ਮੰਡੋਰਾ, ਮਹਿਤਾਬ ਸਿੰਘ ਖੋਸਾ, ਤਾਨਿਸ਼ ਗੋਇਲ, ਰੋਹਨਦੀਪ ਸਿੰਘ, ਗੁਰਸ਼ੇਰ ਸਿੰਘ ਰਾ?, ਦਕਸ਼ਨੂਰ ਸਿੰਘ, ਦਕਸ਼ ਰਤਨ ਅਤੇ ਕਾਂਸੀ ਦਾ ਮੈਡਲ ਪ੍ਰਾਪਤ ਕਰਨ ਵਾਲ਼ੀਆਂ ਕੁੜੀਆਂ ਦੇ ਨਾਮ ਮਨਸੀਰਤ ਕੌਰ, ਅਮਨਦੀਪ ਕੌਰ, ਨਵਨੀਤ ਕੌਰ ਹਨ । ਆਖਰੀ ਮੈਚ ਵਿੱਚ ਇੰਨੇ ਫਰਕ ਨਾਲ ਹਾਰਨ ਦਾ ਕਾਰਨ ਸੁਰੱਖਿਆ ਪੰਕਤੀ ਦਾ ਇੱਕ ਖਿਡਾਰੀ ਬਾਹਰੋਂ ਕੁੱਝ ਖਾ ਕੇ ਬਿਮਾਰ ਹੋ ਗਿਆ ਜੋ ਖੇਡ ਨਹੀਂ ਸਕਿਆ ਜਦਕਿ ਖਾਣੇ ਦਾ ਪ੍ਰਬੰਧ ਇਹਨਾਂ ਦਾ ਆਪਣਾ ਸੀ।

## ਕੈਲਗਰੀ ਪੁਲਿਸ ਹੁਣ ਛੱਲੇ ਮੁੰਦੀਆਂ ਮੋੜਨ ਲੱਗੀ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਡੇ ਸਮਾਜ ਵਿੱਚ ਛੱਲੇ ਮੁੰਦੀਆ ਆਪਣੇ ਪਿਆਰਿਆਂ ਦੀ ਨਿਸ਼ਾਨੀ ਹੁੰਦੇ ਹਨ ਪਰ ਜਦੋਂ ਛੱਲੇ ਮੁੰਦੀਆਂ ਦੀ ਮੋੜ ਮੁੜਾਈ ਵਾਲਾ ਸਮਾਂ ਆ ਜਾਵੇ ਤਾਂ ਇਸ ਨੂੰ ਬਦਸ਼ਗਨੀ ਕਿਹਾ ਜਾਂਦਾ ਹੈ ਪਰ ਕੈਲਗਰੀ ਵਿੱਚ ਛੱਲੇ ਮੁੰਦੀਆਂ ਦੀ ਮੋੜ ਮੁੜਾਈ ਨੂੰ ਇਹਨੀ ਦਿਨੀ ਸ਼ੁਭਸ਼ਗਨ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਬਹੁਤ ਸਾਰੇ ਘਰਾਂ ਦੇ ਵਿੱਚੋਂ ਚੋਰੀ ਦੀਆਂ ਵਾਰਦਾਤਾਂ ਦੌਰਾਨ ਬਹੁਤ ਸਾਰਾ ਕੀਮਤੀ ਸਮਾਨ ਚੋਰੀ ਹੋਇਆ ਜਿਹਨਾਂ ਵਿੱਚ ਸੋਨੇ ਚਾਂਦੀ ਦੀਆਂ ਛੱਲੇ ਮੁੰਦੀਆਂ ਵੀ ਸਾਮਿਲ ਹਨ। ਪੁਲਿਸ ਨੇ ਆਪਣੀ ਕਾਰਵਾਈ ਕਰਦਿਆਂ ਕੁੱਝ ਚੋਰਾਂ ਨੂੰ ਫੜ੍ਹਕੇ ਉਹਨਾਂ ਕੋਲੋਂ ਉਪਰਕਤ ਸਮਾਨ ਬਰਾਮਦ ਵੀ ਕਰ ਲਿਆ ਹੈ ਪਰ ਹੁਣ ਪੁਲਿਸ ਨੂੰ ਇਹ ਨਹੀਂ ਪਤਾ ਲੱਗ ਰਿਹਾ ਕਿ ਚੋਰੀ ਕੀਤੇ ਸਮਾਨ ਵਿੱਚੋਂ ਚੋਰੋਂ ਕੋਲੋਂ ਬਰਾਮਦ ਹੋਈਆਂ ਇਹ ਛੱਲੇ ਮੁੰਦੀਆ ਕਿਸ ਦੀਆਂ ਹਨ। ਇਸ ਲਈ ਹੁਣ ਕੈਲਗਰੀ ਪੁਲਿਸ ਨੇ ਉਪਰੋਕਤ ਗਹਿਣਿਆਂ ਦੀਆਂ ਇਹ ਤਸਵੀਰਾਂ ਜਾਰੀ ਕੀਤੀਆਂ ਹਨ ਕਿ ਜੇਕਰ ਤੁਹਾਨੂੰ ਲੱਗਦਾ ਹੈ ਕਿ ਇਹਨਾਂ ਵਿੱਚੋਂ ਕੋਈ ਇੱਕ ਵਸਤੂ ਤੁਹਾਡੀ ਹੈ, ਤਾਂ ਕੈਲਗਰੀ ਪੁਲਿਸ ਨੂੰ ਆਪਣੀ ਪਛਾਣ ਦੱਸਕੇ ਲੈ ਜਾ ਸਕਦੇ ਹੋ । ਪੁਲਿਸ ਦਾ ਕਹਿਣਾ ਹੈ ਕਿ ਕੁੱਲ ਸੱਤ ਬਰੇਕ ਐਂਡ ਐਂਟਰ ਦੌਰਾਨ ਇਹ ਚੋਰੀਆਂ 11 ਅਗਸਤ ਤੋਂ 15 ਸਤੰਬਰ ਦਰਮਿਆਨ ਹੋਈਆਂ ਹਨ ਅਤੇ ਚੋਰੀ ਹੋਏ ਇਹਨਾਂ 54 ਗਹਿਣਿਆਂ ਨੂੰ ਵਾਪਸ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹਨਾਂ ਗਹਿਣਿਆਂ ਉੱਪਰ ਆਪਣਾ ਦਾਅਵਾ ਕਰਨ ਵਾਲਾ 403-266-1234 ਫੋਨ ਨੰਬਰ ਉੱਪਰ ਕਾਲ ਕਰਕੇ ਕੈਲਗਰੀ ਪੁਲਿਸ ਨਾਲ ਸੰਪਰਕ ਕਰ ਸਕਦਾ ਹੈ।

# ਕੈਲਗਰੀ ਅਤੇ ਐਡਮਿੰਟਨ ਵਿਖੇ ਮੰਗਲ ਹਠੂਰ, ਪਿੰਡ ਦਾ ਗੇੜਾ ਕਿਤਾਬ ਲੈਕੇ ਹਾਜਿਰ ਹੋਇਆ







ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਮਪਾਲ ਸਿੰਘ ਸੋਹੀ (ਬਾਜਾਖਾਨਾ) ਅਤੇ ਵੀਰਪਾਲ ਸਿੰਘ ਸੋਹੀ (ਬਾਜਾਖਾਨਾ) ਵੱਲੋਂ 27 ਅਕਤੂਬਰ ਨੂੰ ਕੈਲਗਰੀ ਵਿੱਚ ਰੱਖੇ ਗਏ ਪ੍ਰੋਗਰਾਮ ਵਿੱਚ ਕੈਲਗਰੀ ਦੀਆਂ ਸਿਰ ਕੱਢ ਸ਼ਖ਼ਸੀਅਤਾਂ ਨੇ ਮੰਗਲ ਹਠੂਰ ਦੀ ਮਹਿਫ਼ਲ ਦਾ ਅਨੰਦ ਮਾਣਿਆ। ਪ੍ਰਸਿੱਧ ਗਾਇਕ ਜਰਨੈਲ ਐਲੋ, ਬਲਜਿੰਦਰ ਢਿੱਲੋਂ ਨੇ ਵੀ ਆਪਣੀ ਗਾਇਕੀ ਦਾ ਜੌਹਰ ਵਿਖਾਇਆ। ਰੇਡੀਓ ਰੈਡ ਐਫ ਐਮ ਦੇ ਹੋਸਟ ਅਮਨਜੋਤ ਸਿੰਘ ਪੰਨੂ ਨੇ ਸਟੇਜ਼ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਚਲਾਇਆ। ਰਾਤ ਦੇਰ ਤੱਕ ਚੱਲੀ ਮੰਗਲ ਦੀ ਸ਼ਾਇਰੀ ਦੇ ਨਾਲ ਨਾਲ ਨੌਜੁਆਨਾਂ ਨੇ ਭੰਗੜੇ ਪਾ ਕੇ ਵੀ ਖ਼ੂਬ ਰੰਗ ਬੰਨ੍ਹਿਆ। ਬਾਅਦ ਵਿੱਚ "ਪਿੰਡ ਦਾ ਗੇੜਾ" ਕਿਤਾਬ ਵੀ ਰੂਬਰੂ ਕੀਤੀ ਗਈ। ਸਮਾਗਮ ਦੇ ਆਖਿਰੀ ਪਲਾਂ ਮੌਕੇ ਸੋਹੀ ਭਰਾਵਾਂ ਅਤੇ ਮੰਗਲ ਹਠੂਰ ਨੇ ਮਾਣ ਸਤਿਕਾਰ ਲਈ ਸਾਰੇ ਸੱਜਣਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ । ਇਸੇ ਤਰਾਂ ਐਡਮਿੰਟਨ ਵਿੱਚ ਕੇਵਲ ਜਲਾਲਦੀਵਾਲ,ਕਮਲ ਘੁੰਮਣ (ਸ਼ਾਨ ਟਰੱਕਇੰਗ) ਨਰੈਣ ਸਿੰਘ,ਸੋਨੀ ਅਖ਼ਾੜਾ ਅਤੇ ਉਹਨਾਂ ਦੀ ਸਾਰੀ ਟੀਮ ਦੀ ਹਿੰਤ ਸਦਕਾ ਬਹੁਤ ਹੀ ਯਾਦਗਾਰੀ ਪ੍ਰੋਗਰਾਮ ਹੋਇਆ। ਕੇਵਲ ਸਿੰਘ ਜਲਾਲਦੀਵਾਲ,ਪ੍ਰਸਿੱਧ ਗੀਤਕਾਰ ਕਰਨੈਲ ਸ਼ੇਰਪੁਰੀ, ਪੱਪਾ ਰਾਮੂਵਾਲੀਆ, ਬਲਰਾਜ ਬਰਾੜ (ਰਾਜ ਬਰਾੜ ਹੋਰਾਂ ਦੇ ਛੋਟੇ ਵੀਰ) ਅਤੇ ਹੋਰ ਸਿਰ ਕੱਢ ਗਾਇਕਾ ਨੇ ਵੀ ਹਾਜ਼ਰੀ ਲਵਾਈ। ਸ਼ਾਨ ਟਰੱਕਇੰਗ ਦੇ ਮਾਲਿਕ ਕਮਲ ਘੁੰਮਣ ਨੇ ਵੀ ਆਪਣੇ ਵਿਚਾਰ ਰੱਖੇ। ਪ੍ਰੋਗਰਾਮ ਵਿੱਚ ਕਮਲ ਘੁੰਮਣ, ਕੇਵਲ ਸਿੰਘ ਜਲਾਲਦੀਵਾਲ, ਸੋਨੀ ਅਖ਼ਾੜਾ, ਨਰੈਣ ਸਿੰਘ, ਮਨਜੀਤ ਸਿੰਘ ਹਠੂਰ, ਸਰਬਜੀਤ ਸਿੰਘ ਹਠੂਰ, ਗੁਰਮੀਤ ਹਠੂਰ, ਹਰਪ੍ਰੀਤ ਸਿੰਘ ਥਿੰਦ, ਰਮਨ ਥਿੰਦ,ਬਿੰਦੂ ਜਲਾਲਦੀਵਾਲ ਅਤੇ ਐਡਮਿੰਟਨ ਦੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਹਾਜ਼ਰ ਸਨ।









# ਲਾਈਫ ਸਰਟੀਫਿਕੇਟ ਤਸਦੀਕ ਕਰਨ ਲਈ ਇੰਡੀਅਨ ਸਫਾਰਤਖਾਨੇ ਦੀ ਟੀਮ 12 ਨਵੰਬਰ ਨੂੰ ਕੈਲਗਰੀ ਆਵੇਗੀ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਡੀਆ ਤੋਂ ਪਰਵਾਸ ਕਰਕੇ ਆਏ ਸਾਡੇ ਭਾਈਚਾਰੇ ਦੇ ਲੋਕਾਂ ਨੂੰ ਪਿੱਛੇ ਆਪਣੇ ਮੁਲਕ ਵਿੱਚ ਮਿਲਦੀ ਪੈਨਸ਼ਨ ਨੂੰ ਚਾਲੂ ਰੱਖਣ ਲਈ ਹਰ ਸਾਲ ਲਾਈਫ ਸਰਟੀਫਿਕੇਟ ਆਪਣੇ ਮਹਿਕਮੇ ਨੂੰ ਦਿਖਾਉਣਾ ਪੈਂਦਾ ਹੈ। ਸਰਟੀਫਿਕੇਟ ਤਸਦੀਕ ਕਰਨ ਸਬੰਧੀ ਜਾਣਕਾਰੀ ਦਿੰਦੇ ਇੰਡੀਅਨ ਐਕਸ ਸਰਵਿਸਮੈਨ ਇੰਮੀਗ੍ਰਾਟ ਐਸੋਸੀਏਸ਼ਨ ਆਫ ਕੈਲਗਰੀ ਦੇ ਪ੍ਰਧਾਨ ਸ: ਮਹਿੰਦਰ ਸਿੰਘ ਦਿਉਲ ਨੇ ਦੱਸਿਆ 12 ਨਵੰਬਰ ਐਂਤਵਾਰ ਵਾਲੇ ਦਿਨ ਇੰਡੀਅਨ ਸਫਾਰਤਖਾਨੇ ਦੀ ਟੀਮ ਸਵੇਰੇ 8:00 ਵਜੇ ਇੱਥੇ ਆ ਰਹੀ ਹੈ। ਲਾਈਫ ਸਰਟੀਫਿਕੇਟ ਬਣਾਉਣ ਵਾਲੇ ਲੋੜਵੰਦ ਕੈਲਗਰੀ ਵਾਸੀ ਆਪਣੇ ਮੌਜੂਦਾ ਪਾਸਪੋਰਟ, ਪੈਨਸ਼ਨ ਕਾਪੀ,ਬੈਂਕ ਅਕਾਊਂਟ ਬਾਰੇ ਜਾਣਕਾਰੀ, 7 ਨਵੰਬਰ 2023 ਤੋਂ ਪਹਿਲਾਂ ਪਹਿਲਾਂ ਦਿਨ ਦੇ 12:00 ਵਜੇ ਤੋਂ ਲੈਕੇ 3:00 ਵਜੇ ਤੱਕ ਤਿਆਰ ਕਰਵਾ ਲੈਣ । ਸੰਸਥਾ ਦੇ ਸੈਕਟਰੀ ਕੁਲਦੀਪ ਸਿੰਘ ਨੇ ਦੱਸਿਆ ਕਿ ਪਿਛਲੇ ਤਕਰੀਬਨ 475 ਦੇ ਕਰੀਬ ਲੋਕਾਂ ਨੂੰ ਲਾਈਫ ਸਰਟੀਫਿਕੇਟ ਜਾਰੀ ਕੀਤੇ ਗਏ ਸਨ ਪਰ ਇਸ ਸਾਲ ਇਹ ਗਿਣਤੀ 500 ਤੋਂ ਵਧ ਜਾਵੇਗੀ ਸੋ ਤੁਸੀਂ 5 ਨਵੰਬਰ ਤੋਂ ਪਹਿਲਾਂ ਪਹਿਲਾਂ ਇੰਡੀਅਨ ਐਕਸ ਸਰਵਿਸਮੈਨ ਇੰਮੀਗ੍ਰਾਟ ਐਸੋਸੀਏਸ਼ਨ ਆਫ ਕੈਲਗਰੀ ਦੇ ਦਫਤਰ ਆਕੇ ਆਪਣੇ ਕਾਗਜ ਦਿਖਾਕੇ 12 ਨਵੰਬਰ 2023 ਲਈ ਸਫਾਰਤਖਾਨੇ ਦੀ ਟੀਮ ਨੂੰ ਮਿਲਣ ਦਾ ਸਮਾਂ ਬੁੱਕ ਕਰਵਾ ਸਕਦੇ ਹੋ। ਹੋਰ ਜਾਣਕਾਰੀ ਲਈ 403 293 3337 ਉੱਪਰ ਫੋਨ ਵੀ ਕੀਤਾ ਜਾ ਸਕਦਾ ਹੈ।

# ਕੈਲਗਰੀ ਦੇ ਬਜੁਰਗਾਂ ਨੇ ਵੀ ਗਾਜਾ ਪੱਟੀ ਵਿੱਚ ਹੋ ਰਹੇ ਮਨੁੱਖਤਾ ਦੇ ਘਾਣ ਤੇ ਗਹਿਰਾ ਦੁੱਖ ਪ੍ਰਗਟ ਕੀਤਾ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਅਕਤੂਬਰ ਦੀ ਮਹੀਨਾਵਾਰ ਮੀਟਿੰਗ ਹਮੇਸ਼ਾ ਦੀ ਤਰਾਂ ਮੌਂਟਰੀ ਪਾਰਕ ਕਮਿਉਨਿਟੀ ਹਾਲ ਵਿੱਚ 27 ਅਕਤੂਬਰ ਨੂੰ ਹੋਈ, ਜਿਸ ਦੀ ਸ਼ੁਰੂਆਤ ਐਸੋਸੀਏਸ਼ਨ ਦੇ ਸੱਤ ਸੀਨੀਅਰ ਮੈਂਬਰਾਂ ਦੇ ਜਨਮ ਦਿਨ ਮਨਾ ਕੇ ਕੀਤੀ ਗਈ।

ਪਰਗਣ ਸਿੰਘ ਰਾਏ,ਪਰਬੇਸ਼ ਪਰਹਾਰ, ਸਰਨ ਕੌਰ ਕੁਲਾਰ, ਭੁਪਿੰਦਰ ਸਿੰਘ ਰੰਧਾਵਾ, ਸੋਮਨਾਥ ਅਗਰਵਾਲ, ਰਮੇਸ਼ ਕੁਮਾਰ ਅਤੇ ਰਣਜੀਤ ਕੌਰ ਹੇਅਰ ਨੂੰ ਤਕਰੀਬਨ ਅੱਸੀ ਮੈਂਬਰਾਂ ਦੇ ਇਕੱਠ ਨੇ ਜਨਮ ਦਿਨ ਦੀਆਂ ਮੁਬਾਰਕਾਂ ਤੇ ਸ਼ੁਭਕਾਮਨਾਵਾਂ ਨਾਲ ਨਿਵਾਜਿਆ। ਉਸ ਤੋਂ ਬਾਦ ਫਲਸਤੀਨ ਅਤੇ ਇਜ਼ਰਾਈਲ ਦਰਮਿਆਨ ਸ਼ੁਰੂ ਹੋਈ ਜੰਗ ਦੀ ਚਰਚਾ ਕਰਦਿਆਂ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਵਿਸਥਾਰ ਨਾਲ ਦੱਸਿਆ ਕਿ 1948 ਵਿੱਚ ਦੁਨੀਆਂ ਦੀਆਂ ਵੱਡੀਆਂ ਹਾਕਮ ਤਾਕਤਾਂ ਦੀ ਮਿਹਰਬਾਨੀ ਨਾਲ ਕਿਸ ਤਰਾਂ ਇਜ਼ਰਾਈਲ ਹੋਂਦ ਵਿੱਚ ਆਇਆ। ਸਾਰਿਆਂ ਨੇ ਗਾਜਾ ਪੱਟੀ ਵਿੱਚ ਹੋ ਰਹੇ ਮਨੁੱਖਤਾ ਦੇ ਘਾਣ ਤੇ ਗਹਿਰਾ ਦੁੱਖ ਪ੍ਰਗਟ ਕੀਤਾ। ਪਰਬੇਸ਼ ਪਰਹਾਰ, ਜਰਨੈਲ ਸਿੰਘ ਤੱਘੜ, ਮਹਿੰਦਰ ਸਿੰਘ ਸਾਹੀ ਅਤੇ ਸੁਰਜੀਤ ਸਿੰਘ ਹੇਅਰ ਨੇ ਆਪਣੀਆਂ ਰਚਨਾਵਾਂ ਪੇਸ਼ ਕਰ ਕੇ ਸਾਰਿਆਂ ਦਾ ਮਨੋਰੰਜਨ ਕੀਤਾ। ਅਖੀਰ ਵਿੱਚ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਮੈਂਬਰਾਂ ਦੀ ਗੁਜ਼ਾਰਿਸ਼ ਤੇ ਬਾਪੂ ਕਰਨੈਲ ਸਿੰਘ ਪਾਰਸ ਦੀ ਸਦਾ ਬਹਾਰ ਰਚਨਾ "ਕਿਉਂ ਫੜੀ ਸਿਪਾਹੀਆਂ ਨੇ, ਭੈਣੋਂ ਇਹ ਹੰਸਾਂ ਦੀ ਜੋੜੀ" ਤਰੰਨਮ ਵਿੱਚ ਗਾ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਅਖੀਰ ਵਿੱਚ ਸਾਰਿਆਂ ਨੇ ਖਾਣੇ ਦਾ ਅਨੰਦ ਮਾਣਿਆ ਤੇ ਮੀਟਿੰਗ ਦੀ ਸਮਾਪਤੀ ਹੋ ਗਈ।

## ਸੜਕੀ ਹਾਦਸੇ ਮੌਕੇ ਹੋਈ ਮਾਰਕੁੱਟ ਕਾਰਣ 66 ਸਾਲਾ ਸਿੱਖ ਬਜੁਰਗ ਦਮ ਤੋੜ ਗਿਆ

ਨਿਊਯਾਰਕ, (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਕਾਰ ਹਾਦਸੇ ਤੋਂ ਬਾਅਦ ਹੋਈ ਲੜਾਈ ਵਿੱਚ ਜ਼ਖਮੀ ਹੋਏ 66 ਸਾਲਾ ਸਿੱਖ ਬਜ਼ੁਰਗ ਦੀ ਸਿਰ ਵਿੱਚ ਗੰਭੀਰ ਸੱਟ ਲੱਗਣ ਕਾਰਨ ਮੌਤ ਹੋ ਗਈ। ਬੀਤੇ ਦਿਨੀ 30 ਸਾਲਾ ਗਿਲਬਰਟ ਆਗਸਟਨ ਨੇ ਕਵੀਂਸ ਵਿੱਚ ਵਾਹਨ ਨਾਲ ਮਾਮੂਲੀ ਟੱਕਰ ਤੋਂ ਬਾਅਦ ਜਸਮੇਰ ਸਿੰਘ 'ਤੇ ਹਮਲਾ ਕਰ ਦਿੱਤਾ। ਪਿਛਲੇ ਹਫ਼ਤੇ ਵਿੱਚ ਨਿਊਯਾਰਕ ਵਿੱਚ ਕਿਸੇ ਸਿੱਖ ਉੱਤੇ ਹਮਲੇ ਦੀ ਇਹ ਦੂਜੀ ਘਟਨਾ ਸੀ। ਹਾਲੇ ਪਿਛਲੇ ਦਿਨੀ ਹੀ ਨਿਊਯਾਰਕ ਵਿੱਚ 19 ਸਾਲਾ ਸਿੱਖ ਨੌਜਵਾਨ ਉੱਤੇ ਉਸ ਸਮੇਂ ਹਮਲਾ ਕੀਤਾ ਗਿਆ ਸੀ, ਜਦੋਂ ਉਹ ਬੱਸ ਰਾਹੀਂ ਰਿਚਮੰਡ ਹਿੱਲ ਵਿੱਚ ਗੁਰਦੁਆਰੇ ਜਾ ਰਿਹਾ ਸੀ। ਕ੍ਰਿਸਟੋਫਰ ਫਿਲਿਪੋ (26) ਨੇ ਨੌਜਵਾਨ ਦੇ ਸਿਰ ਦੇ ਪਿਛਲੇ ਹਿੱਸੇ ਵਿੱਚ ਮੁੱਕਾ ਮਾਰਿਆ, ਉਸ ਦੀ ਪੱਗ ਉਤਾਰਨ ਦੀ ਕੋਸ਼ਿਸ਼ ਕੀਤੀ ਅਤੇ ਉਸ ਨੂੰ ਕਿਹਾ, 'ਅਸੀਂ ਇਸ ਦੇਸ਼ ਵਿੱਚ ਇਹ (ਪੱਗ) ਨਹੀਂ ਬੰਨ੍ਹਦੇ।' ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਜਸਮੇਰ ਸਿੰਘ 'ਤੇ ਹਮਲੇ ਦੀ ਨਿੰਦਾ ਕੀਤੀ ਤੇ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧਤਾ ਪ੍ਰਗਟਾਈ।


























Calgary
ਦੀਵਾਲੀ ਦੀ ਖੁਸ਼ੀ
ਦਿਆਲੂ ਅਤੇ ਮਦਦ ਕਰਨ ਵਾਲੀ ਭਾਵਨਾ
ਨਾਲ ਜਸ਼ਨ ਮਨਾਓ। ਦੀਵਾਲੀ ਮੁਬਾਰਕ!
Calgary.ca/whatgoeswhere 'ਤੇ ਹੋਰ ਜਾਣੋ।
ਭੋਜਨ ਦੇ ਬਚੇ ਹੋਏ ਟੁਕੜਿਆਂ ਲਈ ਹਰਾ ਬਿਨ
ਗਿਫਟ ਪੈਕੇਜਿੰਗ ਲਈ ਨੀਲਾ ਬਿਨ!
23-0032710 - ADV-23475


STANCE PHYSIO
CHIRO & MASSAGE
Psychological/Mental Health Counselling Available
ਫਿਜੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction
• Post Stroke Rehabilitation
• Pelvic Floor dysfunction
• Temporomandibular Joint (TMJ)
Ph: +1(825)513-0151
Address: 470, 10980 38St NE AB Calgary


Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ
• ਕਰੂਜ਼ਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ)
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500
3650 Westwinds Drive NE,
Suite #105, Calgary AB T3J 0W9
E-mail:reservation@Tripsbooker.ca www.Tripsbooker.ca


ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER
MOUNTAIN CENTRAL
ANDY BHALLA
Real Estate Agent
Residential, Commercial, Property Management and Rural
Satisfaction Guaranteed-
One year warranty
on any home purchase with us
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171


ਡਾਵਸਨ ਲੈਡਿੰਗ ਵਿੱਚ
ਹੁਣ ਤੁਹਾਡਾ ਘਰ
ਹੁਣ ਤੁਹਾਡੀ ਪਹੁੰਚ ਵਿੱਚ ਹੈ
DAWSON'S LANDING
CHESTERMERE
A QUALICO COMMUNITY
ਨਵੀਆਂ ਲਾਟਾਂ ਵੇਚ ਰਹੇ ਹਾਂ
ਹਾਈਵੇਅ 1 ਰਾਹੀਂ ਕੈਲਗਰੀ ਡਾਊਨਟਾਊਨ ਤੱਕ ਪਹੁੰਚ
ਨਵੇਂ ਖੇਡ ਮੈਦਾਨ ਹੁਣ ਖੁੱਲ ਗਏ ਹਨ
ਮਾਲਕ ਐਸੋਸੀਏਸਨ ਘਰ ਦੀਆਂ ਕਦਰਾਂ ਕੀਮਤਾਂ ਨੂੰ ਸੁਰੱਖਿਅਤ ਰੱਖਦੀ ਹੈ
ਲੇਨਡ ਡੁਪਲੈਕਸ ਫਰੌਮ ਦੀ ਹਾਈ $400s
ਲੇਨਡ ਹੋਮ ਫਰੌਮ ਦੀ ਲੋਅ $600s
ਫਰੰਟ ਗੈਰਾਜ ਡੁਪਲੈਕਸ ਫਰੌਮ ਦੀ ਲੋਅ $600s
ਫਰੰਟ ਗੈਰਾਜ ਫਰੌਮ ਦੀ ਲੋਅ $700s
ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ, ਚੈਸਟਰਮੇਰ ਦੇ ਝੀਲ ਦੇ ਕਿਨਾਰੇ ਸ਼ਹਿਰ ਵਿੱਚ ਡਾਸਨ ਦੀ ਲੈਂਡਿੰਗ, ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ, ਅਤੇ ਸਕੂਲਾਂ, ਪਾਰਕਾਂ, ਖਰੀਦਦਾਰੀ, ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁਝ ਮਿੰਟਾਂ ਵਿੱਚ ਸਥਿਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਬੁਲਾਉਣ ਵਿੱਚ ਮਾਣ ਮਹਿਸੂਸ ਕਰੋਗੇ।
NUVISTA HOMES • BROADVIEW HOMES • MORRISON HOMES
TRICO HOMES • STERLING HOMES • TRUMAN HOMES
ਹੋਰ ਜਾਣਕਾਰੀ ਲਈ ਵੈਬਸਾਈਟ ਉੱਪਰ ਆਓ
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

## ਕਨੇਡੀਅਨ ਸੱਥ



ਅਸ਼ੀਸ਼ ਨਰੂਲਾ
1 204 890 5040

ਅੱਜ ਕੱਲ ਕਿਸੇ ਮਰਜ਼ੀ ਨਿਊਜ ਚੈਨਲ ਨੂੰ ਲਗਾ ਕੇ ਦੇਖ ਲਵੋ ਸਿਰਫ ਇੱਕੋ ਹੀ ਖਬਰ ਚੱਲ ਰਹੀ ਹੈ ਇਜ਼ਰਾਈਲ ਅਤੇ ਗਾਜ਼ਾ ਦੀ ਜੰਗ , ਲਗਭਗ ਤਿੰਨ ਹਫਤੇ ਬੀਤ ਜਾਣ ਦੇ ਬਾਅਦ ਵੀ ਅਜੇ ਤੱਕ ਜ਼ਾਰੀ ਇਹ ਜੰਗ ਕਿਤੇ ਅਜੋਕੇ ਸੰਸਾਰ ਨੂੰ ਸੰਸਾਰ ਜੰਗ ਵੱਲ ਤਾਂ ਨਹੀਂ ਧੱਕ ਰਹੀ। ਇਹ ਗੱਲ ਤਾਂ ਭਵਿੱਖ ਦੇ ਗਰਭ ਵਿੱਚ ਹੈ। ਉਧਰ ਗਾਜਾ ਦਾ ਹਮਾਇਤੀ/ ਗੁਆਂਢੀ ਮੁਲਕ ਇਰਾਨ ਵੀ ਥਾਪੀਆ ਮਾਰ ਰਿਹਾ ਹੈ। ਸਾਡਾ ਗਵਾਂਢੀ ਮੁਲਕ ਬਲਦੀ ਅੱਗ ਵਿੱਚ ਇਜ਼ਰਾਈਲ ਜਾ ਕੇ ਪ੍ਰਧਾਨ ਮੰਤਰੀ ਬੈਨਾਜਾਮਿਨ ਨੈਤਨਯਾਹੂ ਦੇ ਮੋਢੇ ਉਪਰ ਹੱਥ ਰੱਖ ਆਇਆ ਹੈ,ਕੋਈ ਨਾ ਤੇਰੇ ਪਿੱਛੇ ਅਸੀਂ ਖੜੇ ਹਾਂ। ਇਸ ਦੇ ਪਿੱਛੇ ਕਿਤੇ ਨਾ ਕਿਤੇ ਆਪਣੇ ਹਥਿਆਰਾਂ ਨੂੰ ਪਰੋਮੋਟ ਕਰਨਾ ਤਾਂ ਨਹੀਂ , ਫਿਰ ਦੋਹਾਂ ਮੁਲਕਾਂ ਦੇ ਆਮ ਲੋਕਾਂ ਦਾ ਕੀ ਕਸੂਰ ਹੈ ਜਿਹੜੇ ਆਪਣੇ ਹੀ ਪਿਆਰਿਆਂ ਦੀਆਂ ਕਬਰਾਂ ਉਪਰ ਵਿਰਲਾਪ ਕਰ ਰਹੇ ਹਨ ਅਤੇ ਕਈ ਜ਼ਖਮਾਂ ਦੀ ਤਾਬ ਝੱਲ ਰਹੇ ਹਨ। ਅਮਰੀਕਾ ਵਿੱਚ ਸੰਨ 2023 ਦੇ ਹੁਣ ਤੱਕ ਤਿੰਨ ਦਰਜ਼ਨ ਦੇ ਕਰੀਬ ਘਰੇਲੂ ਗੋਲੀ ਬਾਰੀ ਹੋ ਚੁੱਕੀ ਹੈ। ਹਾਲ ਹੀ ਵਿੱਚ ਹੋਈ ਗੋਲੀ ਬਾਰੀ ਵਿੱਚ 15 -20 ਲੋਕਾਂ ਦੀ ਜਾਨ ਚਲੀ ਗਈ ਅਤੇ 50 ਤੋਂ ਵੱਧ ਜਖਮੀ ਹੋਏ ਹਨ। ਪਰ ਹਾਂ ਦੂਜੇ ਦੇ ਘਰ ਵਿੱਚ ਲੱਗੀ ਅੱਗ ਬਸੰਤਰ ਲੱਗਦੀ ਹੈ।ਉਧਰ ਸੰਯੁਕਤ ਰਾਸ਼ਟਰ ਦੇ ਪ੍ਰਧਾਨ ਜੀ ਦਾ ਵੀ ਇਜ਼ਰਾਈਲ ਦੇ ਉਲਟ ਬਿਆਨ ਆਇਆ ਉਸਨੇ ਇਜ਼ਰਾਈਲ ਨੂੰ ਕਾਫੀ ਤੱਤੇ ਪਾਣੀ ਵਿੱਚ ਪਾਇਆ ਹੈ। ਸਾਡੇ ਪ੍ਰਧਾਨ ਮੰਤਰੀ ਟਰੂਡੋ ਸਾਹਿਬ ਜੀ ਦਾ ਵੀ ਇਨਸਾਨੀਅਤ ਲਈ ਪਿਆਰ ਫਿਰ ਜਾਗ ਉਠਿਆ ਹੈ,ਉਹਨਾਂ ਨੇ ਹੋਰ ਮਾਲੀ ਮੱਦਦ ਦਾ ਐਲਾਨ ਕਰ ਦਿੱਤਾ ਹੈ,

ਚਲੋ ਖੈਰ ਇਸ ਵਾਰ ਤਾਂ ਬਚਾਅ ਹੋ ਗਿਆ ਅਕਤੂਬਰ ਮਹੀਨੇ ਦੀ ਬੈਂਕ ਆਫ ਕਨੇਡਾ ਦੀ ਮੀਟਿੰਗ ਵਿੱਚ ਕੋਈ ਵਿਆਜ ਵੱਟਾ ਨਹੀਂ ਵਧਾਇਆ। ਸ਼ਾਇਦ ਮਨ ਵਿੱਚ ਵਿਚਾਰ ਆਇਆ ਹੋਵੇ ਕਿ ਲੋਕ ਤਾਂ ਦਿਵਾਲੀਆ ਹੋਣ ਦੇ ਨੇੜੇ ਹਨ, ਨਾਲੇ ਛੁੱਟੀਆਂ ਦਾ ਸੀਜਨ ਵੀ ਆ ਰਿਹਾ ਹੈ ਲੋਕਾਂ ਨੇ ਕ੍ਰਿਸਮਿਸ ਵੀ ਮਨਾਉਣੀ ਹੈ, ਜੇਕਰ ਵਿਆਜ ਹੋਰ ਵਧ ਗਏ ਤਾਂ ਲੁਕਾਈ ਦਾ ਬਣੂ ਕੀ , ਲੋਕਾਂ ਦੀ ਸੰਘੀ ਤਾਂ ਪਹਿਲਾਂ ਹੀ ਘੁੱਟੀ ਪਈ ਹੈ। ਇਸ ਵਾਰ ਬਜ਼ਾਰਾ ਵਿੱਚ ਪਹਿਲਾਂ ਵਾਰੀ ਰੌਣਕ ਵੀ ਅਜੇ ਤੱਕ ਨਹੀਂ ਦਿਖੀ। ਜੇਕਰ ਕੰਮਾ ਕਾਰਾਂ ਦੀ ਗੱਲ ਕਰੀਏ ਤਾਂ 30-40% ਕੰਮ ਘਟੇ ਪਏ ਨੇ। ਲੋਕਾਂ ਦੇ ਖਰਚੇ ਹੀ ਮਸਾਂ ਪੂਰੇ ਹੋ ਰਹੇ ਹਨ। ਅੰਗਰਜ਼ੀ ਮੀਡੀਆ ਤੇ ਵੀ ਮਹਿੰਗਾਈ ਦੀ ਦਰ ਨੂੰ ਘੁਮਾ ਫਿਰਾ ਕੇ ਅੱਖਰ ਦਿਖਾ ਦਿੰਦੇ ਹਨ , ਅਖੇ ਬਈ ਐਨੇ ਪ੍ਰਤੀਸ਼ਤ ਘਟ ਗਈ। ਕੀ ਕਿਸੇ ਦਾ ਬਿਜਲੀ/ਪਾਣੀ ਦਾ ਬਿਲ, ਵਿਆਜ ਵੱਟਾ, ਪ੍ਰਾਪਰਟੀ ਟੈਕਸ, ਗਰਾਸਰੀ ਬਿਲ ਜਾਂ ਇੰਸੋਰੈਸ ਵਿੱਚ ਕਟੌਤੀ ਹੋਈ ਦੇਖੀ ਤਾਂ ਦੱਸਣਾ ? ਫਿਰ ਮਹਿੰਗਾਈ ਸਿਰਫ ਕਾਗਜ਼ਾਂ ਵਿੱਚ ਘਟੀ ਨੂੰ ਕਿਸੇ ਨੇ ਕੀ ਚੱਟਣਾ। ਸਰਕਾਰ ਨੇ ਕਰਿਆਨੇ ਦੇ ਵੱਢੇ ਵਪਾਰੀ ਸੱਦੇ ਤਾਂ ਸੀ ਬਈ ਕਰਿਆਨੇ ਦੀ ਕੀਮਤਾਂ ਨੂੰ ਕੰਟਰੋਲ ਕਰਨ ਲਈ ਪਰ ਲੱਗਦਾ ਇਸ ਵਾਰ ਫਿਰ ਵਪਾਰੀ ਲੱਕੜ ਦਾ ਮੁੰਡਾ ਹੱਥ ਫੜਾ ਆਏ ਨੇ! ਉਧਰ ਸਾਡੇ ਮੁੱਖ ਮੰਤਰੀ ਸਾਹਿਬਾ ਹੋਰਾਂ ਦਾ ਅਲਬਰਟਾ ਪੈਨਸ਼ਨ ਵਾਲਾ ਰੇੜਕਾ ਵੀ ਜਿਉਂ ਤਾਂ ਤਿਉਂ ਹੀ ਚੱਲ ਰਿਹਾ ਹੈ, ਕਿਸੇ ਨੂੰ ਇਸ ਗੱਲ ਦੀ ਸਪੱਸ਼ਟਤਾ ਹੀ ਨਹੀਂ ਬਈ ਜੇਕਰ ਸਾਰੀ ਉਮਰ ਅਲਬਰਟਾ ਵਿਚ ਕੰਮ ਕਰ ਅਤੇ ਪਰਿਵਾਰਕ ਬੰਧਨਾ ਕਾਰਨ ਜੇਕਰ ਕੋਈ ਕਿਸੇ ਹੋਰ ਸੂਬੇ ਵਿੱਚ ਜਾਂਦਾ ਹੈ ਤਾਂ ਅਤੇ ਜਦ ਪੈਨਸ਼ਨ ਲੈਣ ਦੀ ਵਾਰੀ ਆਉ ਉਦੋ ਕੌਣ ਜ਼ੂੰਮੇਵਾਰ ਹੋਵਗਾ ਅਲਬਰਟਾ ਜਾਂ ਸੈਂਟਰ ਸਰਕਾਰ ? ਇਸ ਗੱਲ ਕਰਕੇ ਕਿਤੇ ਲੋਕਾਂ ਨੂੰ ਪੈਨਸ਼ਨ ਲੈਣ ਲਈ ਖੱਜਲ ਖੁਆਰੀ ਨਾ ਹੋਵੇ ਇਹ ਡਰ ਕਿਤੇ ਨਾ ਕਿਤੇ ਹਰੇਕ ਉਸ ਕਰਮਚਾਰੀ ਦੇ ਮਨ ਵਿੱਚ ਹੈ।ਹੁਣ ਇਸ ਗੱਲ ਦਾ ਤਾਂ ਪਤਾ ਨਹੀਂ ਕਿ ਇਹ ਘੈਂਸ ਘੈਂਸ ਕਦ ਮੁੱਕਣੀ ਹੈ ਅਤੇ ਗੱਲ ਕਿਸ ਤਣ ਪੱਤਣ ਲੱਗਣੀ ਹੈ। ਬਾਕੀ ਜਦ ਤੱਕ ਸੈਂਟਰ ਵਿੱਚ ਵਿਰੋਧੀ ਧਿਰ ਦੀ ਸਰਕਾਰ ਹੈ ਉਦੋਂ ਤੱਕ ਇਹ ਮਸਲਾ ਏਦਾਂ ਹੀ ਚੱਲੂ, ਬਿਨਾ ਸ਼ੱਕ ਸੈਂਟਰ ਕੋਲ ਸੂਬਿਆ ਨਾਲੋ ਜਿਆਦਾ ਪਾਵਰ ਹੁੰਦੀ ਹੈ ਓਹਨਾ ਸੂਬੇ ਨੁ ਕਿਸੇ ਨਾ ਕਿਸੇ ਤਰਾਂ ਕੜਿਕੀ ਵਿੱਚ ਲੈ ਹੀ ਲੈਣਾ ,ਪਰ ਇਹਨਾ ਦੋਨਾਂ ਦੀ ਲੜਾਈ ਵਿੱਚ ਕਿਤੇ ਆਮ ਲੁਕਾਈ ਨਾ ਪਿਸ ਜਾਵੇ।

ਅਸ਼ੀਸ਼ ਨਰੂਲਾ

# ਅਲਬਰਟਾ ਸੂਬੇ ਵਿੱਚੋਂ ਟੌਪ ਆਫ ਟੇਬਲ ਲਈ ਪਹਿਲੀ ਵਾਰ ਹਰਪਿੰਦਰ ਸਿੱਧੂ ਅਤੇ ਲਵਪ੍ਰੀਤ ਸਿੱਧੂ (ਸਿੱਧੂ ਜੋੜਾ) ਚੁਣੇ ਗਏ







ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਮ ਡੀ ਆਰ ਟੀ ਆਰਗਨਾਈਜੇਸ਼ਨ ਜੋ ਕਿ ਇੰਸ਼ੋਰਸ ਦੇ ਖੇਤਰ ਵਿੱਚ ਬਹੁਤ ਪ੍ਰੀਮੀਅਰ ਔਰਗਨਾਈਜੇਸ਼ਨ ਹੈ ਉਹਨਾਂ ਨੇ ਆਪਣੇ ਮੈਂਬਰਾਂ ਦੀ ਟੋਪ ਆਫ ਟੇਬਲ ਮੀਟਿੰਗ ਫਲੋਰੀਡਾ ਵਿਖੇ ਕੀਤੀ। ਇਸ ਮੀਟਿੰਗ ਵਿੱਚ ਕੈਲਗਰੀ ਤੋਂ ਹਰਪਿੰਦਰ ਸਿੱਧੂ ਅਤੇ ਲਵਪ੍ਰੀਤ ਸਿੱਧੂ ਟੌਪ ਆਫ ਦੀ ਟੇਬਲ ਚੁਣੇ ਗਏ ਜੋ ਕਿ ਪਹਿਲਾ ਪੰਜਾਬੀ ਪਤੀ ਪਤਨੀ ਦਾ ਜੋੜਾ ਹੈ ਜਿਨਾਂ ਨੂੰ ਇਹ ਮਾਣ ਹਾਸਿਲ ਹੋਇਆ ਹੈ। ਜਿਨਾਂ ਨੇ ਅਲਬਰਟਾ ਦੇ ਇਤਿਹਾਸ ਵਿੱਚ ਇਹ ਨਵਾਂ ਇਤਿਹਾਸ ਰਚਿਆ ਹੈ ਜੋਕਿ ਪੰਜਾਬੀ ਕਮਿਊਨਿਟੀ ਵਾਸਤੇ ਮਾਣ ਵਾਲੀ ਗੱਲ ਹੈ। ਸਾਡੇ ਪੰਜਾਬੀ ਭਾਈਚਾਰੇ ਦੇ ਲੋਕ ਇੰਸ਼ੋਰੈਂਸ ਦੇ ਖੇਤਰ ਵਿੱਚ ਬਹੁਤ ਵੱਡਾ ਨਾਮਣਾ ਕਹੇ ਹਨ ਜਿਹਨਾਂ ਵਿੱਚ ਹਰਪਿੰਦਰ ਸਿੱਧੂ ਅਤੇ ਲਵਪ੍ਰੀਤ ਕੌਰ ਸਿੱਧੂ ਤਕਰੀਬਨ 15 ਸਾਲ ਤੋਂ ਇਨਸ਼ੋਰੈਂਸ ਦੇ ਖੇਤਰ ਵਿੱਚ ਸੇਭਾਵਾਂ ਨਿਭਾ ਰਹੇ ਹਨ। ਹਰਪਿੰਦਰ ਸਿੱਧੂ ਅਤੇ ਉਹਨਾਂ ਦੀ ਟੀਮ ਨੇ ਇਸ ਮੌਕੇ ਸਮੂਹ ਭਾਈਚਾਰੇ ਦਾ ਧੰਨਵਾਦ ਵੀ ਜਿਹਨਾਂ ਦੇ ਸਹਿਯੋਗ ਸਦਕਾ ਉਹ ਇੱਥੇ ਤੱਕ ਪੁੱਜੇ ਹਨ। ਵਰਨਣਯੋਗ ਹੈ ਕਿ ਇਸ ਮੀਟਿੰਗ ਵਿੱਚ ਦੁਨੀਆਂ ਭਰ ਵਿੱਚੋਂ ਤਕਰੀਬਨ 500 ਦੇ ਕਰੀਬ ਮੈਂਬਰ ਆਏ ਸਨ ਜਿਨਾਂ ਵਿੱਚੋਂ ਪੰਜਾਬੀ ਮੂਲ ਦਾ ਇਹ ਜੋੜਾ ਸਿਰਫ ਇਕੱਲਾ ਹੀ ਸੀ। ਅਸੀਂ ਅਦਾਰਾ ਪੰਜਾਬੀ ਅਖਬਾਰ ਵੱਲੋਂ ਉਹਨਾਂ ਨੂੰ ਮੁਬਾਰਕਬਾਦ ਦਿੰਦੇ ਹਾਂ।





















# ਸੰਪਾਦਕੀ



ਸੱਤਾ ਦੀ ਦੁਰਵਰਤੋਂ ਜਮਹੂਰੀਅਤ ਦੀ ਕਬਰ ਹੈ
-ਜੇਮਸ ਮੈਡੀਸਨ

## ਅੰਤਰਰਾਸ਼ਟਰੀ ਵਿਦਿਆਰਥੀ ਲਈ ਕਨੇਡਾ ਦਾ ਦਰੁਸਤ ਕਦਮ

ਕੈਨੇਡਾ ਵਿੱਚ ਆਉਣ ਵਾਲੇ ਵਿਦਿਆਰਥੀਆਂ ਨਾਲ ਪਿਛਲੇ ਲੰਬੇ ਸਮੇਂ ਤੋਂ ਧੋਖਾਧੜੀ ਹੋ ਰਹੀ ਹੈ ਜਿਸ ਕਾਰਨ ਇੱਥੇ ਆਏ ਵਿਦਿਆਰਥੀਆਂ ਨੂੰ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕੈਨੇਡਾ ਸਰਕਾਰ ਨੂੰ ਵੀ ਕਈ ਵਾਰ ਸਖ਼ਤ ਕਦਮ ਚੁੱਕਣੇ ਪਏ ਹਨ। ਇਸ ਲਈ ਹੁਣ ਕਨੇਡਾ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ ਹੈ। ਹੁਣ ਕੈਨੇਡਾ ਸਰਕਾਰ ਕੌਮਾਂਤਰੀ ਵਿਦਿਆਰਥੀਆਂ ਦੇ ਦਾਖ਼ਲੇ ਦੀ ਪ੍ਰਕਿਰਿਆ ਵਿੱਚ ਸੁਧਾਰ ਕਰ ਕੇ ਦਾਖ਼ਲੇ ਦੇ ਮਾਮਲੇ ਵਿੱਚ ਹੋਣ ਵਾਲੀਆਂ ਧੋਖਾਧੜੀਆਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਇਸੇ ਸਾਲ ਭਾਰਤ ਖ਼ਾਸਕਰ ਪੰਜਾਬ ਨਾਲ ਸਬੰਧਤ ਵੱਡੀ ਗਿਣਤੀ ਵਿਦਿਆਰਥੀਆਂ ਲਈ ਉਦੋਂ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਸੀ ਜਦੋਂ ਉਨ੍ਹਾਂ ਦੇ ਕਾਲਜ ਦਾਖ਼ਲਾ ਪੱਤਰ ਜਾਅਲੀ ਪਾਏ ਗਏ। ਇਨ੍ਹਾਂ ਵਿੱਚੋਂ ਬਹੁਤੇ ਵਿਦਿਆਰਥੀ ਜਲੰਧਰ ਆਧਾਰਤ ਇੱਕ ਕੌਂਸਲਿੰਗ ਫਰਮ ਦੇ ਇੱਕ ਏਜੰਟ ਨੇ ਭੇਜੇ ਸਨ। ਹੁਣ ਆਗਾਮੀ ਦਸੰਬਰ ਤੋਂ ਵਿਦਿਆਰਥੀਆਂ ਵਾਸਤੇ ਪੜ੍ਹਾਈ ਦਾ ਪਰਮਿਟ ਜਾਰੀ ਕਰਨ ਲਈ ਸੋਧੀ ਹੋਈ ਪ੍ਰਣਾਲੀ ਲਾਗੂ ਕੀਤੀ ਜਾਵੇਗੀ ਜਿਸ ਤਹਿਤ ਕੈਨੇਡਾ ਦਾ ਪਰਵਾਸ (ਇਮੀਗਰੇਸ਼ਨ) ਵਿਭਾਗ ਦਾਖ਼ਲਾ ਪੱਤਰਾਂ ਦੀ ਤਸਦੀਕ ਖ਼ੁਦ ਕਰੇਗਾ ਤਾਂ ਕਿ ਸੰਭਾਵੀ ਵਿਦਿਆਰਥੀਆਂ ਨੂੰ ਮਨਜ਼ੂਰੀ ਪੱਤਰਾਂ ਸਬੰਧੀ ਕਿਸੇ ਵੀ ਧੋਖਾਧੜੀ ਤੋਂ ਬਚਾਇਆ ਜਾ ਸਕੇ। ਭਾਰਤ ਵਿੱਚ ਵੀ ਟਰੈਵਲ ਏਜੰਟਾਂ ਅਤੇ ਸਲਾਹਕਾਰ ਫਰਮਾਂ ਦੁਆਰਾ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਕੈਨੇਡਾ ਦੇ ਅਰਥਚਾਰੇ ਨੂੰ ਕੌਮਾਂਤਰੀ ਸਿੱਖਿਆ ਤੋਂ ਸਾਲਾਨਾ 22 ਅਰਬ ਡਾਲਰ ਪ੍ਰਾਪਤ ਹੁੰਦੇ ਹਨ। ਇਸ ਨਵੇਂ ਢਾਂਚੇ ਦਾ ਮੰਤਵ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਉੱਚੇ ਮਿਆਰ ਕਾਇਮ ਕਰਨ ਲਈ ਉਤਸ਼ਾਹਿਤ ਕਰਨਾ ਹੈ। ਮਿਆਰਾਂ 'ਤੇ ਪੂਰਾ ਉਤਰਨ ਵਾਲੇ ਅਦਾਰਿਆਂ ਦੇ ਵਿਦਿਆਰਥੀਆਂ ਨੂੰ ਹੀ ਵੀਜ਼ਾ ਦੇਣ ਵਿਚ ਤਰਜੀਹ ਦਿੱਤੀ ਜਾਵੇਗੀ। ਇਸ ਤਰ੍ਹਾਂ ਦੇ ਕਦਮ ਇਸ ਆਲੋਚਨਾ ਕਾਰਨ ਵੀ ਪੁੱਟੇ ਗਏ ਹਨ ਕਿ ਸਿੱਖਿਆ ਸੈਕਟਰ ਬਹੁਤ ਵੱਡੇ ਪੱਧਰ 'ਤੇ ਵਿਦੇਸ਼ੀ ਵਿਦਿਆਰਥੀਆਂ ਨੂੰ ਕੈਨੇਡਾ ਵਿਚ ਲਿਆ ਰਿਹਾ ਹੈ ਜਿਸ ਕਾਰਨ ਰਿਹਾਇਸ਼ ਅਤੇ ਕਿਰਤ ਬਾਜ਼ਾਰ ਉੱਤੇ ਦਬਾਅ ਪੈਦਾ ਹੋ ਗਿਆ ਹੈ। ਕੈਨੇਡਾ ਸਰਕਾਰ ਪੋਸਟ-ਗਰੈਜੂਏਟ ਕਿਰਤ ਪਰਮਿਟ ਪ੍ਰੋਗਰਾਮ 'ਤੇ ਵੀ ਨਜ਼ਰਸਾਨੀ ਕਰ ਰਹੀ ਹੈ। ਕੈਨੇਡਾ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਕਰੀਬ ਇੱਕ ਦਹਾਕੇ ਦੌਰਾਨ ਤਿੰਨ ਗੁਣਾ ਵਧ ਕੇ ਅੱਠ ਲੱਖ ਤੋਂ ਉੱਪਰ ਟੱਪ ਗਈ ਹੈ। ਉਨ੍ਹਾਂ ਤੋਂ ਕੈਨੇਡੀਅਨ ਵਿਦਿਆਰਥੀਆਂ ਦੇ ਮੁਕਾਬਲੇ ਔਸਤਨ ਪੰਜ ਗੁਣਾ ਵੱਧ ਫ਼ੀਸਾਂ ਵਸੂਲੀਆਂ ਜਾਂਦੀਆਂ ਹਨ। ਇਹ ਪੈਸੇ ਹੀ ਵਿੱਦਿਅਕ ਅਦਾਰਿਆਂ ਦੀ ਫੰਡਿੰਗ ਦਾ ਮੁੱਖ ਵਸੀਲਾ ਬਣਦੇ ਹਨ। ਬਹੁਤੇ ਵਿਦੇਸ਼ੀ ਵਿਦਿਆਰਥੀ ਕਾਲਜ ਦਾਖ਼ਲੇ ਨੂੰ ਮੁਲਕ ਵਿੱਚ ਪੱਕੀ ਠਾਹਰ ਪੀ ਆਰ ਦੇ ਜ਼ਰੀਏ ਵਜੋਂ ਇਸਤੇਮਾਲ ਕਰਦੇ ਹਨ ਜਿਸ ਕਾਰਨ ਪ੍ਰਾਈਵੇਟ ਕਾਲਜਾਂ ਅਤੇ ਪਰਵਾਸ ਸਬੰਧੀ ਸਲਾਹ ਦੇਣ ਵਾਲਿਆਂ 'ਤੇ ਵੱਡਾ ਮੁਨਾਫ਼ਾ ਕਮਾਉਣ ਦੇ ਦੋਸ਼ ਲੱਗਦੇ ਹਨ। ਇਸ ਕਾਰਨ ਵੱਡੀ ਗਿਣਤੀ ਵਿੱਚ ਕਾਲਜ ਖੁੱਲ੍ਹ ਰਹੇ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਆਰਜ਼ੀ ਇਮਾਰਤਾਂ ਵਿੱਚ ਵੀ ਖੋਲ੍ਹੇ ਜਾ ਰਹੇ ਹਨ। ਧੋਖਾਧੜੀ ਦੇ ਖ਼ਤਰੇ, ਵੀਜ਼ਾ ਦਿਵਾਉਣ ਲਈ ਭਾਰੀ ਰਕਮਾਂ ਦੀ ਮੰਗ ਅਤੇ ਕੈਨੇਡਾ ਵਿੱਚ ਰਹਿਣ ਦੇ ਔਖੇ ਹਾਲਾਤ ਦੇ ਬਾਵਜੂਦ ਵੀਜ਼ਾ ਮੰਗਣ ਦੇ ਚਾਹਵਾਨਾਂ ਦੀ ਗਿਣਤੀ ਵਧ ਰਹੀ ਹੈ। ਇਸ ਤੋਂ ਇੰਡੀਆ ਵਿੱਚ ਮੌਕਿਆਂ ਅਤੇ ਰੁਜ਼ਗਾਰ ਦੀ ਭਾਰੀ ਘਾਟ ਵੀ ਜੱਗ ਜ਼ਾਹਿਰ ਹੁੰਦੀ ਹੈ। ਉਮੀਦ ਬੱਝੀ ਹੈ ਕਿ ਹੁਣ ਭਵਿੱਖ ਵਿੱਚ ਪਹਿਲਾਂ ਦੀ ਤਰ੍ਹਾਂ ਪੰਜਾਬ ਤੋਂ ਆਉਣ ਵਾਲੇ ਵਿਦਿਆਰਥੀ ਕਿਸੇ ਧੋਖਾਧੜੀ ਦਾ ਸ਼ਿਕਾਰ ਹੋਣੋ ਬਚ ਸਕਣਗੇ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ, ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਭੁੱਖੇ ਢਿੱਡ ਜ਼ਿੰਦਗੀ ਦਾ ਸਫ਼ਰ



ਗੁਰਮੀਤ ਸਿੰਘ ਪਲਾਹੀ

ਵਿਸ਼ਵ ਭੁੱਖ ਸੂਚਕਾਂਕ-2023 ਨੂੰ ਪੜ੍ਹੋ। ਅੰਕੜੇ ਦਿਲ ਕੰਬਾਊ ਹਨ। ਬਾਵਜੂਦ ਇਸ ਗੱਲ ਦੇ ਕਿ ਦੁਨੀਆ ਭਰ ਵਿੱਚ ਮਨੁੱਖ ਲਈ ਲੋੜੀਂਦੇ ਭੋਜਨ ਦੀ ਪੈਦਾਵਾਰ ਹੋ ਰਹੀ ਹੈ, ਫਿਰ ਵੀ ਦੁਨੀਆ ਦੀ ਕੁੱਲ ਆਬਾਦੀ ਦੇ 10 ਫ਼ੀਸਦੀ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਭਾਵ ਉਹਨਾ ਨੂੰ ਪੇਟ ਭਰਕੇ ਰੋਟੀ ਨਹੀਂ ਮਿਲਦੀ।

ਦੁਨੀਆ 'ਚ ਵੱਡੀਆਂ ਤਰੱਕੀਆਂ ਕਰਨ ਦੇ ਦਾਅਵੇ ਕਰਨ ਵਾਲੇ ਦੇਸ਼ ਭਾਰਤ ਦੇ ਹਾਲਾਤ ਤਾਂ ਹੋਰ ਵੀ ਭੈੜੇ ਹਨ। ਭੁੱਖ ਸੂਚਕਾਂਕ-2023 ਰਿਪੋਰਟ 'ਚ 125 ਦੇਸ਼ਾਂ ਦੇ ਅੰਕੜੇ ਇਕੱਠੇ ਕੀਤੇ ਗਏ। ਭੁੱਖਮਰੀ 'ਚ ਭਾਰਤ ਦਾ ਸਥਾਨ 111ਵਾਂ ਹੈ। ਵਿਸ਼ਵ ਦੇ ਭੁੱਖਮਰੀ ਸ਼ਿਕਾਰ ਕੁੱਲ 10 ਫੀਸਦੀ ਦੇ ਮੁਕਾਬਲੇ ਭਾਰਤ ਦੇ 16.6 ਫੀਸਦੀ ਲੋਕਾਂ ਨੂੰ ਪੇਟ ਭਰਕੇ ਖਾਣਾ ਨਹੀਂ ਮਿਲਦਾ। ਭਾਰਤੀ ਬੱਚਿਆਂ ਦਾ ਅੰਕੜਾ ਤਾਂ 18.7 ਫੀਸਦੀ ਹੈ, ਜਿਹਨਾ ਨੂੰ ਲੋੜੀਂਦੇ ਤੱਤਾਂ ਵਾਲਾ ਭੋਜਨ ਪ੍ਰਾਪਤ ਨਹੀਂ ਹੁੰਦਾ ਅਤੇ 15 ਤੋਂ 24 ਸਾਲ ਦੀਆਂ 58.1 ਫੀਸਦੀ ਔਰਤਾ ਤਾਂ ਮਹੀਨਿਆਂ(ਖੂਨ ਦੀ ਕਮੀ) ਦਾ ਸ਼ਿਕਾਰ ਹਨ। ਭਾਰਤ ਤੋਂ ਹੇਠ ਮੋਜ਼ੰਮਬੀਕ, ਅਫਗਾਨਿਸਤਾਨ, ਹੇਤੀ, ਲਾਇਬੇਰੀਆ,ਨਾਈਗਰ, ਸੋਮਾਲੀਆ, ਦੱਖਣੀ ਸੂਡਾਨ ਆਦਿ 17 ਦੇਸ਼ਾਂ ਹਨ, ਜਦਕਿ ਉਪਰ 107 ਦੇਸ਼ ਹਨ। ਰੈਂਕਿੰਗ ਵਿੱਚ ਸਭ ਤੋਂ ਉਪਰ ਬੈਲਾਰੂਸ , ਬੋਸਨੀਆ, ਚੀਨ ਆਦਿ ਹਨ। ਜਦਕਿ ਭੁੱਖਮਰੀ ਦੇ ਮਾਮਲੇ 'ਤੇ ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਨੇਪਾਲ ਦੀ ਸਥਿਤੀ ਭਾਰਤ ਨਾਲੋਂ ਬਿਹਤਰ ਹੈ।

ਭੁੱਖ ਸੂਚਕਾਂਕ ਤਹਿ ਕਰਦਾ ਹੈ ਕਿ ਕਿਸੇ ਦੇਸ਼ ਵਿੱਚ ਭੁੱਖਮਰੀ ਅਤੇ ਕੁਪੋਸ਼ਨ ਦੀ ਕੀ ਸਥਿਤੀ ਹੈ। ਇਸ ਵਾਸਤੇ ਚਾਰ ਮਾਪਦੰਡ ਲਏ ਜਾਂਦੇ ਹਨ, ਕੁਪੋਸ਼ਨ, ਬੱਚਿਆਂ ਦੀ ਮਰਨ ਦਰ, ਬਾਲ ਕੁਪੋਸ਼ਨ, ਅਤੇ ਚਾਈਲਡ ਵੇਸਟਿੰਗ ਭਾਵ ਬੱਚੇ ਦਾ ਆਪਣੀ ਉਮਰ ਦੇ ਹਿਸਾਬ ਨਾਲ ਬਹੁਤ ਜ਼ਿਆਦਾ ਪਤਲਾ ਜਾਂ ਕਮਜ਼ੋਰ ਹੋਣਾ। ਭਾਰਤ ਸਾਲ 2022 ਵਿੱਚ 121 ਦੇਸ਼ਾਂ ਦੀ ਸ਼੍ਰੇਣੀ ਵਿੱਚ 107ਵੇਂ ਥਾਂ 'ਤੇ ਸੀ ਜਦਕਿ 2021 ਵਿੱਚ ਇਸਦਾ ਥਾਂ 101 ਵਾਂ ਸੀ ਅਤੇ 2020 ਵਿੱਚ 94ਵਾਂ ਸਥਾਨ ਸੀ। ਇਸ ਵੇਰ 125 ਦੇਸ਼ਾਂ 'ਚ ਇਸਦਾ ਸਥਾਨ ਹੋਰ ਥੱਲੇ ਆ ਗਿਆ ਤੇ ਇਹ ਸਥਾਨ ਖਿਸਕੇ 111 ਤੱਕ ਪਹੁੰਚ ਗਿਆ। ਇਸ ਰਿਪੋਰਟ ਅਨੁਸਾਰ ਭਾਰਤ ਦਾ ਭੁੱਖ ਦਾ ਪੱਧਰ 28.7 ਅੰਕ ਹੈ ਜੋ ਗੰਭੀਰ ਸਥਿਤੀ ਦਰਸਾਉਂਦਾ ਹੈ ਅਤੇ ਚਾਈਲਡ ਵੇਸਟਿੰਗ ਦੀ ਦਰ 18.7 ਹੈ, ਜੋ ਬਹੁਤ ਜ਼ਿਆਦਾ ਕੁਪੋਸ਼ਣ ਵੱਲ ਸੰਕੇਤ ਕਰਦੀ ਹੈ। ਇਹ ਰਿਪੋਰਟ ਦੋ ਯੂਰਪੀਅਨ ਏਜੰਸੀਆਂ ਵਲੋਂ 12 ਅਕਤੂਬਰ ਅਤੇ 13 ਅਕਤੂਬਰ 2023 ਨੂੰ ਜਾਰੀ ਕੀਤੀ ਗਈ। ਭਾਰਤ ਦੀ ਸਰਕਾਰ ਨੇ ਇਹਨਾਂ ਰਿਪੋਰਟਾਂ ਨੂੰ ਪ੍ਰਵਾਨ ਨਹੀਂ ਕੀਤਾ।

ਮਨੁੱਖ ਨੂੰ ਜੀਊਣ ਲਈ ਰੋਟੀ, ਕੱਪੜਾ ਅਤੇ ਮਕਾਨ ਚਾਹੀਦਾ ਹੈ। ਇਸ ਵਿੱਚੋਂ ਸਭ ਤੋਂ ਮਹੱਤਵਪੂਰਨ ਰੋਟੀ ਭਾਵ ਭੋਜਨ ਹੈ। ਕਿਸੇ ਵੀ ਹਕੂਮਤ ਦਾ ਪਹਿਲਾ ਫਰਜ਼ ਆਪਣੇ ਨਾਗਰਿਕਾਂ ਲਈ ਭੋਜਨ ਪ੍ਰਦਾਨ ਕਰਨਾ ਹੈ।

ਖੇਤੀ ਦੇ ਉਤਪਾਦਨ ਖੇਤਰ 'ਚ ਭਾਰਤ ਆਤਮ ਨਿਰਭਰ ਮੰਨਿਆ ਜਾਂਦਾ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ ਭਾਰਤ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਧੀ ਹੈ। ਪਰ ਇਸਦੇ ਬਾਵਜੂਦ ਵੀ ਲੱਖਾਂ ਬੱਚੇ ਅਤੇ ਔਰਤਾਂ ਭੁੱਖਮਰੀ ਦਾ ਸ਼ਿਕਾਰ ਹਨ। ਇਂਜ ਜਾਪਦਾ ਹੈ ਕਿ ਭਾਰਤ ਦੀ ਮੁੱਖ ਸਮੱਸਿਆ ਖਾਧ ਉਤਪਾਦਨ ਨਹੀਂ ਹੈ, ਸਗੋਂ ਭੈੜੀ ਵੰਡ ਪ੍ਰਣਾਲੀ ਅਤੇ ਨਾ ਬਰਾਬਰੀ ਵਾਲੀ ਵੰਡ ਪ੍ਰਣਾਲੀ ਹੈ। ਜਿਵੇਂ ਕਹਿਣ ਨੂੰ ਤਾਂ ਦੇਸ਼ ਵਿੱਚ ਸਿੱਖਿਆ ਸਭ ਲਈ ਲਾਜ਼ਮੀ ਹੈ, ਪਰ ਬਰਾਬਰ ਦੀ ਸਿੱਖਿਆ ਸਭ ਨੂੰ ਨਹੀਂ ਮਿਲਦੀ। ਸਭ ਲਈ ਲਾਜ਼ਮੀ ਅਤੇ ਸਭ ਲਈ ਬਰਾਬਰ ਦੀ ਸਿੱਖਿਆ 'ਚ ਵੱਡਾ ਫ਼ਰਕ ਹੈ। ਇਹੋ ਹਾਲ ਖੁਰਾਕ ਵੰਡ ਦੇ ਮਾਮਲੇ 'ਚ ਹੈ। ਵੰਡ ਪ੍ਰਣਾਲੀ ਦੇ ਦੋਸ਼ ਕਾਰਨ ਹੀ ਸਾਰਿਆਂ ਨੂੰ ਉਹਨਾ ਦੀ ਲੋੜ ਅਨੁਸਾਰ ਭੋਜਨ ਨਹੀਂ ਮਿਲ ਰਿਹਾ। ਹਾਲਾਂਕਿ ਦੇਸ਼ 'ਚ ਸਭ ਲਈ ਭੋਜਨ ਦੋ ਤਿਹਾਈ ਆਬਾਦੀ ਵਾਸਤੇ ਨੈਸ਼ਨਲ ਫੂਡ ਸਕਿਊਰਿਟੀ ਐਕਟ-2013 'ਚ ਬਣਿਆ ਅਤੇ ਇਸ ਕਾਨੂੰਨ ਤਹਿਤ 80 ਕਰੋੜ ਤੋਂ ਵੱਧ ਲੋਕ ਲਗਭਗ ਮੁਫ਼ਤ ਕਣਕ, ਚਾਵਲ ਆਦਿ ਪ੍ਰਾਪਤ ਕਰਦੇ ਹਨ।

ਇੱਕ ਤੱਥ ਇਹ ਵੀ ਹੇ ਕਿ ਅੰਦਾਜ਼ੇ ਅਨੁਸਾਰ ਭਾਰਤ ਦਾ ਲਗਭਗ 40 ਫ਼ੀਸਦੀ ਭੋਜਨ ਬਰਬਾਦ ਹੋ ਜਾਂਦਾ ਹੈ। 30 ਫ਼ੀਸਦੀ ਸਬਜੀਆਂ ਅਤੇ ਫਲ ਭੰਡਾਰਨ ਦੇ ਕਮੀ ਕਾਰਨ ਖਰਾਬ ਹੋ ਜਾਂਦੇ ਹਨ ਅਤੇ ਸੈਂਕੜੇ ਟਨ ਖਾਣ ਵਾਲੀਆਂ ਚੀਜ਼ਾਂ ਅਸੁੱਰਖਿਅਤ ਗੋਦਾਮਾਂ ਵਿੱਚ ਸੜ ਜਾਂਦੀਆਂ ਹਨ।

ਇੱਕ ਪਾਸੇ ਤਾਂ ਇਹ ਭੁੱਖ ਸੂਚਕਾਂਕ ਰਿਪੋਰਟ-2023 ਛਾਇਆ ਹੋਈ ਹੈ। ਦੂਜੇ ਪਾਸੇ ਇੱਕ ਹੋਰ ਰਿਪੋਰਟ ਗਰੀਬੀ ਸੂਚਕਾਂਕ ਸਬੰਧੀ ਸੰਯੁਕਤ ਰਾਸ਼ਟਰ ਵਲੋਂ ਛਾਪੀ ਗਈ ਹੈ, ਜਿਸ ਅਨੁਸਾਰ ਭਾਰਤ ਵਿੱਚ 2005-06 ਤੋਂ 2019 -21 ਦੇ ਵਿਚਕਾਰ 41.5 ਕਰੋੜ ਗਰੀਬੀ ਤੋਂ ਬਾਹਰ ਨਿਕਲੇ ਹਨ। ਇਸ ਰਿਪੋਰਟ ਅਨੁਸਾਰ ਭਾਰਤ ਵਿੱਚ 2005-06 ਵਿੱਚ ਲਗਭਗ 6.45 ਕਰੋੜ ਲੋਕ ਗਰੀਬੀ ਰੇਖਾ ਦੇ ਹੇਠ ਜੀਵਨ ਗੁਜਾਰ ਰਹੇ ਹਨ। ਇਹ ਗਿਣਤੀ 2015-16 'ਚ ਘੱਟਕੇ 3.70 ਕਰੋੜ ਰਹਿ ਗਈ ਅਤੇ 2019-21 ਵਿੱਚ 2.30 ਕਰੋੜ ਹੀ ਰਹਿ ਗਈ ਹੈ। ਇਹ ਅੰਕੜੇ ਤਾਂ ਫਿਰ ਇਹ ਸਿੱਧ ਕਰਦੇ ਹਨ ਕਿ ਭਾਰਤ ਵਿੱਚ ਗਰੀਬੀ ਦੇ ਪੱਧਰ 'ਚ ਕਮੀ ਆਈ ਹੈ। ਰਿਪੋਰਟ 'ਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਭਾਰਤ ਵਿੱਚ ਸਭ ਤੋਂ ਵੱਧ ਗਰੀਬ ਰਾਜਾਂ ਵਿੱਚ ਜਿਆਦਾ ਬੱਚੇ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਸ਼ਾਮਿਲ ਹਨ, ਦੀ ਸਥਿਤੀ 'ਚ ਸੁਧਾਰ ਹੋਇਆ ਹੈ।

ਪਰ ਆਓ ਇਹਨਾ ਰਿਪੋਰਟਾਂ ਦਾ ਵਿਸ਼ਲੇਸ਼ਣ ਕਰੀਏ। ਇਹ ਦੋਵੇਂ ਰਿਪੋਰਟਾਂ ਪਰਸਪਰ ਵਿਰੋਧੀ ਹਨ। ਸਵਾਲ ਇਹ ਹੈ ਕਿ ਜੇਕਰ ਗਰੀਬੀ ਪੱਧਰ 'ਚ ਸੁਧਾਰ ਹੋਇਆ ਹੈ ਤਾਂ ਭੁੱਖਮਰੀ 'ਚ ਭਾਰਤ ਦੀ ਥਾਂ ਥੱਲੇ ਕਿਉਂ ਗਈ ਹੈ? ਗਰੀਬੀ ਘੱਟ ਹੋਈ ਹੈ ਤਾਂ ਭੁੱਖਮਰੀ ਵੀ ਘੱਟ ਹੋਣੀ ਚਾਹੀਦੀ ਸੀ।

ਭਾਰਤ ਵਿੱਚ ਲਗਭਗ 65 ਫ਼ੀਸਦੀ ਆਬਾਦੀ ਪੇਂਡੂ ਹੈ। 54.6 ਫ਼ੀਸਦੀ ਕਾਮੇ ਖੇਤੀ ਨਾਲ ਸਬੰਧਿਤ ਕਿੱਤਿਆਂ 'ਚ ਜੁੜੇ ਹਨ। ਦੇਸ਼ ਵਿੱਚ ਲਗਭਗ 80 ਫ਼ੀਸਦੀ ਕਿਸਾਨ ਛੋਟੇ ਕਿਸਾਨ ਹਨ, ਜਿਹਨਾ ਕੋਲ ਤਿੰਨ ਏਕੜ ਤੋਂ ਵੀ ਘੱਟ ਜ਼ਮੀਨ ਹੈ। ਇਹ ਕਿਸਾਨ ਖੇਤੀ ਦੀ ਲਗਾਤਾਰ ਵਧਦੀ ਲਾਗਤ ਕਾਰਨ ਗਰੀਬੀ ਅਤੇ ਕਰਜ਼ੇ 'ਚ ਡੁੱਬਦੇ ਜਾ ਰਹੇ ਹਨ।

ਜੇਕਰ ਖੇਤੀ ਅਤੇ ਦੂਜੇ ਖੇਤਰ ਦੇ ਅੰਕੜਿਆਂ ਨੂੰ ਨਿਰਖਿਆ-ਪਰਖਿਆ ਜਾਵੇ ਤਾਂ ਇਹ ਵੇਖਣ ਨੂੰ ਮਿਲੇਗਾ ਕਿ ਕਿਸਾਨਾਂ ਨੇ ਖੇਤੀ ਤੋਂ ਜੋ ਕੁਝ ਕਮਾਇਆ ਹੈ, ਉਸਤੋਂ ਜਿਆਦਾ ਡੀਜ਼ਲ-ਪੈਟਰੋਲ, ਖਾਦ, ਕੀਟਨਾਸ਼ਕਾਂ, ਘਰ ਦੇ ਖ਼ਰਚ,ਬੱਚਿਆਂ ਦੀ ਪੜ੍ਹਾਈ ਤੋਂ ਲੈਕੇ ਦਵਾ ਦਾਰੂ ਉਤੇ ਖ਼ਰਚ ਹੋ ਰਿਹਾ ਹੈ। ਇਥੋਂ ਤੱਕ ਕਿ ਖੇਤੀ ਖੇਤਰ ਨਾਲ ਸਬੰਧਤ ਲੋਕ ਮਜ਼ਬੂਰਨ ਗਰੀਬੀ ਕਾਰਨ, ਇਥੋਂ ਤੱਕ ਕਿ ਦੋ ਟੁੱਕ ਰੋਟੀ ਨਸੀਬ ਨਾ ਹੋਣ ਕਾਰਨ ਖੁਦਕੁਸ਼ੀ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਜੇਕਰ ਅੰਨਦਾਤੇ ਦਾ ਇਹ ਹਾਲ ਹੈ ਤਾਂ ਹੋਰ ਮਜ਼ਦੂਰ ਤਬਕੇ ਦਾ ਹਾਲ ਕਿਸ ਤਰ੍ਹਾਂ ਦਾ ਹੋਏਗਾ, ਇਸਦੀ ਤਸਵੀਰ ਕਰੋਨਾ ਕਾਲ ਸਮੇਂ ਦੇਸ਼ ਵੇਖ ਚੁੱਕਾ ਹੈ, ਜਦੋਂ ਸਿਹਤ ਸਹੂਲਤਾਂ, ਭੋਜਨ ਦੀ ਘਾਟ, ਬੀਮਾਰੀ ਦੀ ਬਹੁਤਾਤ ਦੇ ਹੁੰਦਿਆਂ ਲੋਕ ਅਣਿਆਈ ਮੌਤੇ ਮਰੇ ਅਤੇ ਉਹਨਾ ਨੂੰ ਕਫ਼ਨ, ਜਾਂ ਦੋ ਗਜ ਜ਼ਮੀਨ ਵੀ ਨਾ ਮਿਲੀ। ਉਹਨਾ ਨੂੰ ਦਰਿਆਵਾਂ ਦੇ ਪਾਣੀਆਂ 'ਚ ਵਹਾਉਣ ਲਈ ਰਿਸ਼ਤੇਦਾਰ ਮਜ਼ਬੂਰ ਹੋ ਗਏ। ਕਰੋਨਾ ਕਾਲ ਸਮੇਂ ਗਰੀਬੀ ਅਤੇ ਭੁੱਖਮਰੀ ਦੀ ਇੰਤਹਾ ਦੇਸ਼ 'ਚ ਵੇਖਣ ਨੂੰ ਮਿਲੀ।

ਸਪਸ਼ੱਟ ਹੈ ਕਿ ਅੱਜ ਵੀ ਦੇਸ਼ ਗਰੀਬੀ ਅਤੇ ਭੁੱਖਮਰੀ ਕਾਫੀ ਹੱਦ ਤੱਕ ਖੇਤੀ ਖੇਤਰ 'ਤੇ ਨਿਰਭਰ ਹੈ। ਇਸ ਗੱਲ ਤੋਂ ਕਿਵੇਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਅੱਜ ਵੀ ਭਾਰਤੀ ਕਿਸਾਨ ਘੱਟ ਜ਼ਮੀਨ, ਮਾਨਸੂਨ 'ਤੇ ਨਿਰਭਰਤਾ, ਸਿੰਚਾਈ ਦੇ ਪੰਰਪਰਾਗਤ ਸਾਧਨਾਂ, ਵਿੱਤੀ ਔਕੜਾਂ ਅਤੇ ਸਰਕਾਰ ਦੀ ਖੇਤੀ ਖੇਤਰ ਨੂੰ ਉਤਸ਼ਾਹਤ ਕਰਨ ਪ੍ਰਤੀ ਸੁਸਤੀ ਜਿਹੀਆਂ ਗੰਭੀਰ ਚਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਸਮਾਜਿਕ ਅਤੇ ਲਿੰਗਿਕ ਨਾ ਬਰਾਬਰੀ, ਸਿਹਤ ਅਤੇ ਵਾਤਾਵਰਨ ਪ੍ਰਤੀ ਜਾਗਰੂਕਤਾਂ ਦੀ ਕਮੀ ਨੇ ਵੀ ਦੇਸ਼ ਨੂੰ ਸ਼ਕੰਜੇ 'ਚ ਲਿਆ ਹੋਇਆ ਹੈ। ਗਰੀਬੀ ਅਤੇ ਬੇਰੁਜ਼ਗਾਰੀ ਕਾਰਨ ਦੇਸ਼ ਦੀ ਜਨਸੰਖਿਆ ਦਾ ਵੱਡਾ ਹਿੱਸਾ ਸਿਹਤ, ਦੇਖ ਭਾਲ, ਸਿੱਖਿਆ, ਸਾਫ-ਸਫਾਈ ਆਦਿ ਪੱਖਾਂ ਨੂੰ ਗੈਰ-ਜ਼ਰੂਰੀ ਸਮਝਕੇ ਪਾਸੇ ਕਰ ਦਿੰਦਾਹੈ। ਇਸਦੇ ਨਾਲ ਹੀ ਰੁਜ਼ਗਾਰ ਦੀ ਭਾਲ 'ਚ ਇੱਕ ਥਾਂ ਤੋਂ ਦੂਜੀ ਥਾਂ ਭਟਕਦੇ ਅਸਥਾਈ ਮਜ਼ਦੂਰ ਭੈੜੇ ਵਾਤਾਵਰਨ 'ਚ ਰਹਿਣ ਲਈ ਮਜ਼ਬੂਤ ਹੁੰਦੇ ਹਨ ਜੋ ਉਸਦੀ ਸਿਹਤ ਅਤੇ ਚੰਗੇ ਵਾਤਾਵਰਨ ਦੀ ਦ੍ਰਿਸ਼ਟੀ ਤੋਂ ਉਸ ਉਤੇ ਨਾਂਹ ਪੱਖੀ ਪ੍ਰਭਾਵ ਪਾਉਂਦੇ ਹਨ।

ਅੱਜ ਦੇਸ਼ ਵਿੱਚ ਅਰਾਜਕਤਾ ਜਿਹਾ ਮਾਹੌਲ ਗਰੀਬੀ, ਭੁੱਖਮਰੀ, ਬੇਰਜ਼ੁਗਾਰੀ ਦੀ ਪੈਦਾਇਸ਼ ਹੈ। ਗਰੀਬ ਹੋਰ ਗਰੀਬ ਅਤੇ ਅਮਰੀ ਹੋਰ ਅਮੀਰ ਹੋ ਰਹੇ ਹਨ। ਕਿਹੋ ਜਿਹੀ ਵਿੰਡਬਨਾ ਹੈ ਕਿ ਇੱਕ ਪਾਸੇ ਲੋਕਾਂ ਨੂੰ ਭੋਜਨ ਦੀ ਘਾਟ ਕਾਰਨ ਮੌਤ ਦੇ ਲੜ ਲੱਗਣਾ ਪੈ ਰਿਹਾ ਹੈ, ਉਹਨਾ ਨੂੰ ਡੰਗ ਭਰ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ, ਦੂਜੇ ਪਾਸੇ ਸੰਸਕ੍ਰਿਤੀ, ਰਿਵਾਜ਼ਾਂ ਕਾਰਨ, ਸੈਂਕੜੇ ਟਨ ਭੋਜਨ ਸ਼ਾਹੀ ਤਰੀਕੇ ਨਾਲ ਵਿਆਹਾਂ, ਉਤਸਵਾਂ ਸਮੇਂ ਜੂਠ ਵਜੋਂ ਬਾਹਰ ਸੁੱਟ ਦਿੱਤਾ ਜਾਂਦਾ ਹੈ।

ਅੱਜ ਜਾਤ ਪਾਤ ਅਤੇ ਧਰਮ ਦੇ ਨਾਂਅ ਉਤੇ ਰਾਖਵਾਂਕਰਨ ਦੇਣ ਦੀਆਂ ਗੱਲਾਂ ਹੋ ਰਹੀਆਂ ਹਨ! ਕੀ ਗਰੀਬੀ ਅਤੇ ਭੁੱਖਮਰੀ ਰਾਖਵਾਂਕਰਨ ਦਾ ਅਧਾਰ ਨਹੀਂ ਬਣ ਸਕਦੀ? ਕੀ ਸਮਾਜ ਵਿਚੋਂ ਨਾ ਬਰਾਬਰੀ ਖ਼ਤਮ ਕੀਤਿਆਂ ਸਭ ਲਈ ਭੋਜਨ ਦੀ ਅਤੇ ਚੰਗੇ ਭੋਜਨ ਦੀ ਵਿਵਸਥਾ ਨਹੀਂ ਹੋ ਸਕਦੀ?

ਬਿਨ੍ਹਾਂ ਸ਼ੱਕ ਦੇਸ਼ ਦਾ ਡਿਜ਼ੀਟਲ ਹੋਣਾ ਸਮੇਂ ਦੀ ਲੋੜ ਹੈ, ਪਰ ਉਸ ਤੋਂ ਵੀ ਜਿਆਦਾ ਲੋੜ ਹਰੇਕ ਨਾਗਰਿਕ ਲਈ ਬਿਨ੍ਹਾਂ ਕਿਸੇ ਭੇਦਭਾਵ ਦੇ ਭੋਜਨ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਅੱਜ ਦੇਸ਼ ਵਿੱਚ 'ਸਭ ਕਾ ਸਾਥ, ਸਭ ਕਾ ਵਿਕਾਸ' ਦਾ ਨਾਹਰਾ ਗੂੰਜਦਾ ਹੈ, ਭੁੱਖਮਰੀ ਗਰੀਬੀ ਤੋਂ ਛੁੱਟਕਾਰੇ ਦਾ ਨਾਹਰਾ ਕਦੋਂ ਗੂੰਜੇਗਾ, ਇਸਦੀ ਉਡੀਕ ਹੈ।

ਮਹਾਤਮਾ ਗਾਂਧੀ ਦਾ ਕਥਨ, "ਜੋ ਸਭ ਤੋਂ ਗਰੀਬ ਅਤੇ ਕਮਜ਼ੋਰ ਆਦਮੀ ਤੁਸੀਂ ਵੇਖਿਆ ਹੈ, ਉਸਦੀ ਸ਼ਕਲ ਯਾਦ ਕਰੋ ਅਤੇ ਆਪਣੇ ਦਿਲ ਤੋਂ ਪੁਛੋ ਕਿ ਜੋ ਕਦਮ ਤੁਸੀਂ ਪੁੱਟਣ ਦਾ ਵਿਚਾਰ ਕਰ ਰਹੇ ਹੋ, ਇਹ ਆਦਮੀ ਲਈ ਕਿੰਨਾ ਗੁਣਕਾਰੀ ਹੋਏਗਾ। ਕੀ ਇਸ ਨਾਲ ਉਹਨਾ ਕਰੋੜਾਂ ਲੋਕਾਂ ਨੂੰ ਸਵਰਾਜ ਮਿਲ ਸਕੇਗਾ, ਜਿਹਨਾ ਦੇ ਢਿੱਡ ਭੁੱਖੇ ਹਨ ਅਤੇ ਆਤਮਾ ਅਤ੍ਰਿਪਤ ਹੈ।"

## ਪੰਜਾਬੀ ਸੂਬੇ ਦੀ 57ਵੀਂ ਵਰ੍ਹੇਗੰਢ 'ਤੇ

# ਚੜ੍ਹਦੇ ਪੰਜਾਬ ਦੇ ਲੋਕ ਪੰਜਾਬ ਦੀ ਦੋ ਵਾਰ ਹੋਈ ਵੰਡ ਦਾ ਸੰਤਾਪ ਹੰਢਾ ਰਹੇ ਹਨ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਚੜ੍ਹਦੇ ਪੰਜਾਬ ਦੇ ਲੋਕ ਪੰਜਾਬ ਦੀ ਦੋ ਵਾਰ ਹੋਈ ਵੰਡ ਦਾ ਸੰਤਾਪ ਹੁਣ ਤੱਕ ਹੰਢਾ ਰਹੇ ਹਨ। ਪੰਜਾਬ ਦਿਵਸ ਵਾਲੇ ਦਿਨ ਪੰਜਾਬ ਦੇ ਸਿਆਸਤਦਾਨ 1 ਨਵੰਬਰ 2023 ਨੂੰ ਸਤਲੁਜ ਯਮਨਾਂ ਲੰਕ ਨਹਿਰ ਦੇ ਪਾਣੀਆਂ ਦੇ ਮੁੱਦੇ 'ਤੇ ਬਹਿਬਾਜ਼ੀ ਕਰਨ ਵਿੱਚ ਉਲਝੇ ਪਏ ਹਨ। ਭਲੇਮਾਣਸੋ ਇਸ ਬਹਿਸਬਾਜ਼ੀ ਵਿੱਚ ਇੱਕ ਦੂਜੇ ਉਪਰ ਦੂਸ਼ਣਬਾਜ਼ੀ ਕਰਨ ਨਾਲ ਸਤਲੁਜ ਜਮਨਾਂ ਲੰਕ ਨਹਿਰ ਦੇ ਮਸਲੇ ਦਾ ਕੋਈ ਹਲ ਨਿਕਲਣ ਦੀ ਕੀ ਉਮੀਦ ਰੱਖਦੇ ਹੋ? ਕਿਉਂ ਪਾਣੀ ਵਿੱਚ ਮਧਾਣੀ ਪਾ ਕੇ ਦੱਬੇ ਮੁਰਦੇ ਉਖਾੜਦੇ ਹੋ? ਜਦੋਂ ਤੁਸੀਂ ਇੱਕਮੁੱਠ ਹੀ ਨਹੀਂ ਤਾਂ ਪੰਜਾਬ ਦਾ ਕੇਸ ਤੁਸੀਂ ਕਿਵੇਂ ਲੜ ਸਕਦੇ ਹੋ? ਤੁਸੀਂ ਤਾਂ ਵੋਟ ਦੀ ਸਿਆਸਤ ਕਰਕੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹੋ। ਬਹਿਸ ਵਿੱਚੋਂ ਕੀ ਕੱਢੋਗੇ? ਦੂਜੇ ਪਾਸੇ ਪੰਜਾਬੀ ਖਾਸ ਤੌਰ 'ਤੇ ਸਿੱਖ 1 ਨਵੰਬਰ 2023 ਨੂੰ ਪੰਜਾਬੀ ਸੂਬੇ ਦੀ 57ਵੀਂ ਵਰ੍ਹੇ ਗੰਢ ਮਨਾਉਂਦੇ ਹੋਏ ਫੁਲੇ ਨਹੀਂ ਸਮਾ ਰਹੇ, ਪ੍ਰੰਤੂ ਜਿਸ ਮੰਤਵ ਨਾਲ ਪੰਜਾਬੀ ਸੂਬਾ ਬਣਵਾਇਆ ਸੀ, ਪੰਜਾਬੀ ਭਾਸ਼ਾ ਦਾ ਦਫਤਰੀ ਕੰਮ ਕਾਜ ਵਿੱਚ ਬੋਲਬਾਲਾ ਹੋਵੇ, ਉਹ ਰੁਤਬਾ ਪੰਜਾਬੀ ਭਾਸ਼ਾ ਨੂੰ ਅਜੇ ਤੱਕ ਸਹੀ ਢੰਗ ਨਾਲ ਨਸੀਬ ਨਹੀਂ ਹੋਇਆ। ਪੰਜਾਬ ਨੂੰ ਅਜੇ ਤੱਕ ਰਾਜਧਾਨੀ ਅਤੇ ਹਾਈ ਕੋਰਟ ਵੱਖਰੀ ਨਹੀਂ ਮਿਲੀ। ਇਹ ਖ਼ੁਸ਼ੀ ਕਾਹਦੀ ਹੈ, ਸਮਝ ਨਹੀਂ ਆਉਂਦੀ? ਮਰਹੂਮ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਤੋਂ ਬਾਅਦ ਕੋਈ ਵੀ ਪੰਜਾਬ ਦਾ ਮੁੱਖ ਮੰਤਰੀ ਪੰਜਾਬੀ ਨੂੰ ਲਾਗੂ ਕਰਵਾਉਣ ਲਈ ਸੰਜੀਦਾ ਨਹੀਂ ਰਿਹਾ। ਬਹੁਤੇ ਸੀਨੀਅਰ ਅਧਿਕਾਰੀ ਹਮੇਸ਼ਾ ਪੰਜਾਬੀ ਲਿਖਣ 'ਤੇ ਬੋਲਣ ਤੋਂ ਕੰਨੀ ਕਤਰਾਉਂਦੇ ਹਨ। ਚੰਡੀਗੜ੍ਹ ਪੰਜਾਬ ਨੂੰ ਦੇਣ ਦੇ ਕੇਂਦਰ ਸਰਕਾਰ ਵਾਅਦੇ ਹੀ ਕਰਦੀ ਰਹੀ ਹੈ ਪ੍ਰੰਤੂ ਅਜੇ ਤੱਕ ਪੱਲੇ ਕੁਝ ਨਹੀਂ ਪਾਇਆ। ਪਹਿਲੀ ਵਾਰ 1947 ਵਿੱਚ ਪੰਜਾਬ ਦੀ ਵੰਡ ਹੋਈ, ਜਿਸਦੇ ਸਿੱਟੇ ਵਜੋਂ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਨੇ ਆਪਣੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਦਾ ਜਨਮ ਅਸਥਾਨ ਗੁਆ ਲਿਆ। ਉਸ ਵੰਡ ਵਿੱਚ ਭਰਾ ਮਾਰੂ ਜੰਗ ਵੀ ਹੋਈ, ਬਹੁਤ ਸਾਰੇ ਦੋਹਾਂ ਪਾਸਿਆਂ ਦੇ ਪੰਜਾਬੀ ਆਪਣੇ ਸਕੇ ਸੰਬੰਧੀਆਂ ਨੂੰ ਗੁਆ ਬੈਠੇ। ਇਸ ਤੋਂ ਬਾਅਦ 1 ਨਵੰਬਰ 1966 ਨੂੰ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਨੇ ਪੰਜਾਬੀ ਸੂਬਾ ਲੈ ਕੇ ਪੰਜਾਬੀ ਬੋਲਦੇ ਇਲਾਕੇ ਗੁਆ ਲਏ। ਪੰਜਾਬ ਦੇ 26 ਪਿੰਡਾਂ ਦੀ ਥਾਂ ਚੰਡੀਗੜ੍ਹ ਬਣਾਇਆ ਗਿਆ ਸੀ ਪ੍ਰੰਤੂ ਅਸੀਂ ਚੰਡੀਗੜ੍ਹ ਤੋਂ ਵੀ ਹੱਥ ਧੋ ਬੈਠੇ। ਭਾਖੜਾ ਡੈਮ ਅਤੇ ਹੈਡ ਵਰਕਸ 'ਤੇ ਕੇਂਦਰ ਨੇ ਕਬਜ਼ਾ ਕਰ ਲਿਆ। ਏਸੇ ਕਰਕੇ ਪਰਤਾਪ ਸਿੰਘ ਕੈਰੋਂ ਪੰਜਾਬੀ ਸੂਬਾ ਬਣਨ ਨਹੀਂ ਦੇ ਰਿਹਾ ਸੀ। ਪੰਜਾਬੀ ਸੂਬਾ ਲੈਣ ਲਈ ਸਿੱਖ ਕੌਮ ਖਾਸ ਤੌਰ 'ਤੇ ਅਕਾਲੀ ਦਲ ਨੇ ਲੰਬਾ ਸਮਾਂ ਸੰਘਰਸ਼ ਕੀਤਾ। ਇਸ ਅੰਦੋਲਨ ਦੌਰਾਨ ਅਨੇਕਾਂ ਸਿੱਖ ਜੇਲ੍ਹਾਂ ਦੀ ਹਵਾ ਖਾਂਦੇ ਰਹੇ। ਬਹੁਤ ਸਾਰੇ ਸਿੱਖ ਜਾਨਾ ਗੁਆ ਬੈਠੇ। ਪੰਜਾਬ ਨੂੰ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਨੁਕਸਾਨ ਹੋਇਆ ਹੈ। ਇਤਨੇ ਨੁਕਸਾਨ ਕਰਵਾ ਕੇ ਲੰਗੜਾ ਪੰਜਾਬੀ ਸੂਬਾ ਲਿਆ ਤੇ ਫਿਰ ਵੀ ਪੰਜਾਬੀ ਖ਼ੁਸ਼ੀ ਮਨਾ ਰਹੇ ਹਨ, ਇਹ ਉਨ੍ਹਾਂ ਦੀ ਫ਼ਿਰਾਕਦਿਲੀ ਜਾਂ ਸੰਜੀਦਗੀ ਦੀ ਅਣਹੋਂਦ ਹੈ। ਜੇਕਰ ਗੰਭੀਰਤਾ ਨਾਲ ਵੇਖਿਆ ਜਾਵੇ ਤਾਂ ਪੰਜਾਬੀਆਂ/ਸਿੱਖਾਂ ਨੂੰ ਕੋਈ ਬਹੁਤਾ ਲਾਭ ਨਹੀਂ ਹੋਇਆ, ਜੇ ਕਿਸੇ ਨੂੰ ਲਾਭ ਹੋਇਆ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਹੋਇਆ ਹੈ। ਹੁਣ ਤਾਂ ਅਕਾਲੀ ਦਲ ਵਿੱਚ ਸ਼੍ਰੋਮਣੀ ਕੌਣ ਹੈ? ਇਸ ਦਾ ਨਿਪਟਾਰਾ ਕਰਨਾ ਹੀ ਅਸੰਭਵ ਹੋ ਗਿਆ ਹੈ ਕਿਉਂਕਿ ਅਨੇਕਾਂ ਅਕਾਲੀ ਦਲ ਬਣ ਚੁੱਕੇ ਹਨ। ਅਕਾਲੀ ਦਲ 'ਤੇ ਪਰਿਵਾਰਾਂ ਦੇ ਨਿੱਜੀ ਕਬਜ਼ੇ ਹਨ। ਹਾਂ ਸਾਂਝੇ ਪੰਜਾਬ ਦੇ 1947 ਤੋਂ 1 ਨਵੰਬਰ 1966 ਤੱਕ 5 ਮੁੱਖ ਮੰਤਰੀ ਡਾ.ਗੋਪੀ ਚੰਦ ਭਾਰਗਵ, ਲਾਲਾ ਭੀਮ ਸੈਨ ਸੱਚਰ, ਪ੍ਰਤਾਪ ਸਿੰਘ ਕੈਰੋਂ ਅਤੇ ਕਾਮਰੇਡ ਰਾਮ ਕਿਸ਼ਨ ਬਣੇ, ਉਨ੍ਹਾਂ ਵਿੱਚੋਂ ਸਿਰਫ਼ ਇੱਕ ਪ੍ਰਤਾਪ ਸਿੰਘ ਕੈਰੋਂ ਸਿੱਖ ਸਨ। 1966 ਤੋਂ ਬਾਅਦ ਸਾਰੇ ਮੁੱਖ ਮੰਤਰੀ ਸਿੱਖ ਬਣੇ ਹਨ, ਜਦੋਂ ਕਿ ਸਾਡੇ ਦੇਸ਼ ਦਾ ਸੰਵਿਧਾਨ ਧਰਮ ਨਿਰਪੱਖ ਹੈ। ਪੰਜਾਬੀਆਂ ਦੀ ਪੰਜਾਬ ਦਾ ਮੁੱਖ ਮੰਤਰੀ ਸਿੱਖ ਬਣਾਉਣਾ ਇਹੋ ਇੱਕੋ ਇੱਕ ਪ੍ਰਾਪਤੀ ਹੈ। ਪੰਜਾਬੀ ਭਾਵੇਂ ਆਪਣਾ ਸਿੱਖ ਮੁੱਖ ਮੰਤਰੀ ਬਣਾਉਣ ਵਿੱਚ ਸਫਲ ਰਹੇ ਹਨ ਪ੍ਰੰਤੂ ਸਿੱਖ ਧਰਮ ਦੀ ਬਰਾਬਰਤਾ ਦੀ ਵਿਚਾਰਧਾਰਾ ਦੀ ਉਲੰਘਣਾ ਹੈ। ਪੰਜਾਬੀਆਂ ਨੇ ਕਦੀਂ ਵੀ ਗੰਭੀਰਤਾ ਨਾਲ ਆਪਣੇ ਅੰਦਰ ਝਾਤੀ ਮਾਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਅਸੀਂ ਇਸ ਪੰਜਾਬੀ ਸੂਬੇ ਤੋਂ ਕੀ ਖੱਟਿਆ ਤੇ ਕੀ ਗੁਆਇਆ ਹੈ? ਭਾਵ ਆਮ ਲੋਕਾਂ ਨੂੰ ਕੀ ਲਾਭ ਹੋਇਆ ਹੈ? ਲਾਭ ਤਾਂ ਸਿੱਖ ਸਿਆਸਤਦਾਨਾ ਭਾਵ ਅਕਾਲੀ ਦਲ ਜਾਂ ਵਰਤਮਾਨ ਪੰਜਾਬ ਦੇ ਕਾਂਗਰਸੀਆਂ ਨੂੰ ਹੋਇਆ ਹੈ। ਅਕਾਲੀ ਦਲ ਵੀ ਆਪਣੇ ਨਿਸ਼ਾਨੇ ਤੋਂ ਥਿੜਕ ਗਿਆ ਹੈ। ਉਸਨੇ ਸਿਆਸੀ ਤਾਕਤ ਹਾਸਲ ਕਰਨ ਲਈ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾ ਲਿਆ। ਪੰਜਾਬੀ ਪਾਰਟੀ ਦਾ ਤਾਂ ਕੋਈ ਵੀ ਮੁੱਖ ਮੰਤਰੀ ਬਣ ਸਕਦਾ ਹੈ। ਫਿਰ ਸਾਂਝੇ ਪੰਜਾਬ ਵਿੱਚ ਕੀ ਹਰਜ ਸੀ? ਸਿਆਸਤਦਾਨਾ ਨੇ ਸਿਆਸੀ ਤਾਕਤ ਦਾ ਆਨੰਦ ਮਾਨਣ ਤੋਂ ਬਿਨਾ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਨਹੀਂ ਦਿੱਤਾ। ਪੰਜਾਬੀ ਸੂਬਾ ਬਣਨ ਨਾਲ ਹੋਏ ਨੁਕਸਾਨ ਦੀ ਸੂਚੀ ਲੰਬੀ ਹੈ। ਪਹਿਲਾ ਨੁਕਸਾਨ ਪੰਜਾਬੀਆਂ ਨੂੰ ਇਹ ਹੋਇਆ ਕਿ ਉਸ ਵਿੱਚੋਂ ਇਲਾਕੇ ਕੱਢ ਕੇ ਹਰਿਆਣਾ ਅਤੇ ਹਿਮਾਚਲ ਬਣਾ ਦਿੱਤੇ। ਚਿੜੀ ਦੇ ਪਹੁੰਚੇ ਜਿਤਨਾ ਪੰਜਾਬ ਲੈ ਕੇ ਅਸੀਂ ਫੁਲੇ ਨਹੀਂ ਸਮਾਉਂਦੇ ਪ੍ਰੰਤੂ ਅੰਬਾਲੇ ਤੋਂ ਬਾਅਦ ਦਿੱਲੀ ਜਾਂਦਿਆਂ ਰੁਕਾਵਟਾਂ ਪਹਾੜ ਬਣਕੇ ਖੜ੍ਹ ਜਾਂਦੀਆਂ ਹਨ। ਕੁਝ ਪੰਜਾਬੀ ਬੋਲਦੇ ਇਲਾਕੇ ਵੀ ਹਰਿਆਣਾ ਅਤੇ ਹਿਮਾਚਲ ਨੂੰ ਦੇ ਦਿੱਤੇ। ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣਾਇਆ ਚੰਡੀਗੜ੍ਹ ਵੀ ਪੰਜਾਬ ਤੋਂ ਖੋਹ ਕੇ ਕੇਂਦਰੀ ਸ਼ਾਸ਼ਤ ਪ੍ਰਦੇਸ਼ ਬਣਾ ਦਿੱਤਾ। ਸਾਂਝੇ ਪੰਜਾਬ ਵਿੱਚੋਂ ਪੰਜਾਬ ਦੇ ਸਾਰੇ ਦਰਿਆ ਨਿਕਲਦੇ ਸਨ। ਉਨ੍ਹਾਂ ਦਰਿਆਵਾਂ ਦੇ ਪਾਣੀ ਦੇ ਹੱਕ ਤੋਂ ਪੰਜਾਬ ਵਾਂਝਾ ਹੋ ਗਿਆ ਹੈ। ਇਨ੍ਹਾਂ ਦਰਿਆਵਾਂ ਵਿੱਚੋਂ ਪੰਜਾਬ ਵਿੱਚ ਆਉਣ ਵਾਲੇ ਪਾਣੀ ਦਾ 75 ਫ਼ੀ ਸਦੀ ਹਿੱਸਾ ਰਾਜਸਥਾਨ ਅਤੇ ਦਿੱਲੀ ਨੂੰ ਜਾ ਰਿਹਾ ਹੈ। ਪੰਜਾਬ ਵਿੱਚ ਜੋ ਅੱਜ ਸਿੰਜਾਈ ਵਾਲੇ ਪਾਣੀ ਦੀ ਘਾਟ ਰੜਕ ਰਹੀ ਹੈ, ਉਹ ਹਰਿਆਣਾ ਤੇ ਹਿਮਾਚਲ ਬਣਨ ਨਾਲ ਪੈਦਾ ਹੋਈ ਹੈ। ਹਰੀ ਕ੍ਰਾਂਤੀ ਨੇ ਪੰਜਾਬ ਦਾ ਜ਼ਮੀਨਦੋਜ਼ ਪਾਣੀ ਖਾ ਲਿਆ ਹੈ। ਜੇ ਪੰਜਾਬ ਦੀ ਵੰਡ ਨਾ ਹੁੰਦੀ ਤਾਂ ਸਤਲੁਜ ਯਮੁਨਾਂ ਲੰਕ ਨਹਿਰ ਬਣਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਇਸ ਨਹਿਰ ਕਰਕੇ ਪੰਜਾਬ ਵਿੱਚ ਅਫਰਾਤਫਰੀ ਦਾ ਮਾਹੌਲ ਬਣਿਆਂ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਮੇਜਰ ਜਨਰਲ ਬੀ.ਐਨ.ਕੁਮਾਰ ਨੂੰ 7 ਨਵੰਬਰ 1988 ਨੂੰ ਚੰਡੀਗੜ੍ਹ ਵਿਖੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸਤਲੁਜ ਜਮਨਾਂ ਲੰਕ ਨਹਿਰ ਨਾਲ ਜੁੜੇ ਪੰਜਾਬ ਦੇ ਮੁੱਖ ਇੰਜਿਨੀਅਰ ਐਮ.ਐਲ.ਸੀਕਰੀ, ਸੁਪਰਇਨਟੈਂਡੈਂਟ ਏ.ਐਸ.ਔਲਖ ਅਤੇ 12 ਮਜ਼ਦੂਰਾਂ ਨੂੰ ਮਾਰ ਦਿੱਤਾ ਗਿਆ। ਅਕਾਲੀ ਦਲ ਦਾ ਧਰਮ ਯੁਧ ਮੋਰਚਾ ਵੀ ਇਸੇ ਸਤਲੁਜ ਯਮੁਨਾਂ ਲੰਕ ਨਹਿਰ ਕਰਕੇ ਸ਼ੁਰੂ ਹੋਇਆ, ਜਿਸਨੇ ਪੰਜਾਬ ਦੀ ਨੌਜਵਾਨੀ ਦਾ ਘਾਣ ਕੀਤਾ। ਧਰਮ ਯੁਧ ਮੋਰਚੇ ਕਰਕੇ ਅਨੇਕਾਂ ਬੇਗੁਨਾਹ ਲੋਕ ਮਾਰੇ ਗਏ। ਧਰਮ ਯੁੱਧ ਮੋਰਚੇ ਦਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਪੰਜਾਬ ਵਿੱਚੋਂ ਬਾਹਰ ਕੱਢੇ ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ ਅਤੇ ਸਤਲੁਜ ਜਮਨਾਂ ਲੰਕ ਦਾ ਮਸਲਾ ਹੱਲ ਕਰਵਾਉਣ ਲਈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਸਮਝੌਤਾ ਕਰਨ ਕਰਕੇ ਮਾਰਿਆ ਗਿਆ। ਸਿੱਖਾਂ ਦੇ ਸਰਵੋਤਮ ਪਵਿਤਰ ਸਥਾਨ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦੁਆਰਾ ਸਾਹਿਬਾਨ 'ਤੇ ਫ਼ੌਜ ਵੱਲੋਂ ਹਮਲੇ ਤੇ ਹੁਰਮਤੀ ਹੋਈ। ਅਨੇਕਾਂ ਸ਼ਰਧਾਲੂ ਸ਼ਹੀਦੀਆਂ ਪ੍ਰਾਪਤ ਕਰ ਗਏ। ਸਿੱਖਾਂ ਵਿੱਚ ਭਰਾ ਮਾਰੂ ਜੰਗ ਦੇ ਨਤੀਜਿਆਂ ਨੇ ਹਿਰਦਿਆਂ ਨੂੰ ਝੰਜੋੜ ਕੇ ਰੱਖ ਦਿੱਤਾ। ਅਫ਼ਰਾ ਤਫ਼ਰੀ ਦੇ ਹਾਲਾਤ ਵਿੱਚ ਕਿਹਾ ਜਾਂਦਾ 25 ਹਜ਼ਾਰ ਬੇਕਸੂਰ ਪੰਜਾਬੀ ਖਾਸ ਤੌਰ 'ਤੇ ਸਿੱਖ ਨੌਜਵਾਨ ਮਾਰੇ ਗਏ, ਜਿਨ੍ਹਾਂ ਵਿੱਚ ਹਿੰਦੂ, ਸਿੱਖ ਅਤੇ ਸਰਕਾਰੀਤੰਤਰ ਦਾ ਅਮਲਾ ਵੀ ਸ਼ਾਮਲ ਸੀ। ਇਨ੍ਹਾਂ ਹਾਲਾਤਾਂ ਨੇ ਪੰਜਾਬ ਦੀ ਭਾਈਚਾਰਕ ਸਦਭਾਵਨਾਂ ਨੂੰ ਠੇਸ ਪਹੁੰਚਾਈ ਅਤੇ ਆਰਥਿਕ ਤੌਰ 'ਤੇ ਪੰਜਾਬ ਪਛੜ ਗਿਆ। ਪੰਜਾਬ ਦੇ ਕਰਜ਼ਈ ਹੋਣ ਦਾ ਸਿਲਸਿਲਾ ਕਥਿਤ ਅਤਵਾਦ ਦੇ ਸਮੇਂ ਤੋਂ ਸ਼ੁਰੂ ਹੋਇਆ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਪੰਜਾਬ ਤੋਂ ਲੈ ਕੇ ਕੇਂਦਰ ਦੇ ਕੰਟਰੋਲ ਅਧੀਨ ਕਰ ਦਿੱਤਾ ਪ੍ਰੰਤੂ ਜੇਕਰ ਵੱਡਾ ਪੰਜਾਬ ਰਹਿੰਦਾ ਫਿਰ ਇਸ ਦਾ ਕੇਂਦਰ ਕੋਲ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੋਣਾ ਸੀ। ਸਤਲੁਜ ਯਮੁਨਾਂ ਲੰਕ ਨਹਿਰ ਦਾ ਮਸਲਾ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ। ਹੁਣ ਸੁਪਰੀਮ ਕੋਰਟ ਦੇ ਸਰਵੇ ਕਰਨ ਦੇ ਹੁਕਮ ਨੇ ਹੋਰ ਭਸੂੜੀ ਪਾ ਦਿੱਤੀ। ਪੰਜਾਬ ਖੇਤੀਬਾੜੀ ਪ੍ਰਧਾਨ ਰਾਜ ਹੈ, ਇਸ ਨੂੰ ਸਿੰਜਾਈ ਲਈ ਪਾਣੀ ਦੀ ਲੋੜ ਪੈਂਦੀ ਹੈ। ਹੁਣ ਹਿਮਾਚਲ ਪ੍ਰਦੇਸ਼ ਪੰਜਾਬ ਤੋਂ ਹਿਮਾਚਲ ਵਿੱਚੋਂ ਆ ਰਹੇ ਪਾਣੀ ਦਾ ਮੁੱਲ ਮੰਗਦਾ ਹੈ, ਰਾਜਸਥਾਨ ਤੇ ਦਿੱਲੀ ਮੁਫ਼ਤ ਪਾਣੀ ਲੈ ਰਹੇ ਹਨ। ਜੇ ਪੰਜਾਬ ਵੰਡਿਆ ਨਾ ਜਾਂਦਾ ਤਾਂ ਇਹ ਸਵਾਲ ਪੈਦਾ ਹੀ ਨਹੀਂ ਹੋਣਾ ਸੀ। ਕੁਦਰਤੀ ਵਸੀਲਿਆਂ ਤੋਂ ਵੀ ਹੱਥ ਧੋ ਲਿਆ। ਏਥੇ ਹੀ ਬਸ ਨਹੀਂ ਪੰਜਾਬ ਦਿੱਲੀ ਦੇ ਆਲੇ ਦੁਆਲੇ ਸੀ। ਫਰੀਦਾਬਾਦ ਸਨਅਤੀ ਸ਼ਹਿਰ ਸੀ। ਗੁੜਗਾਉਂ ਜੋ ਅੱਜ ਆਈ.ਟੀ.ਦੀ ਹੱਬ ਬਣਿਆਂ ਹੋਇਆ ਹੈ, ਉਸ 'ਤੇ ਹਰਿਆਣੇ ਦਾ ਕਬਜ਼ਾ ਹੋ ਗਿਆ, ਜਿਸ ਕਰਕੇ ਪੰਜਾਬ ਦੀ ਆਰਥਿਕਤਾ ਨੂੰ ਢਾਹ ਲੱਗੀ ਹੈ। ਦਿੱਲੀ ਜਾਣ ਲਈ ਹਰਿਆਣਾ ਵਿੱਚੋਂ ਜਾਣਾ ਪੈਂਦਾ ਹੈ। ਇਸ ਤੋਂ ਪਹਿਲਾਂ ਦਿੱਲੀ ਦੇ ਤਿੰਨ ਪਾਸੇ ਪੰਜਾਬ ਸੀ। 1982 ਵਿੱਚ ਏਸ਼ੀਅਨ ਖੇਡਾਂ ਮੌਕੇ ਪੰਜਾਬੀਆਂ ਦਾ ਦਿੱਲੀ ਪਹੁੰਚਣਾ ਅਸੰਭਵ ਹੋ ਗਿਆ ਸੀ। ਕਿਸਾਨ ਅੰਦੋਲਨ ਤੇ ਜਾਣ ਵਾਲੇ ਕਿਸਾਨਾ ਦੀ ਹਰਿਆਣਾ ਵਿੱਚ ਖੱਜਲ ਖ਼ੁਆਰੀ ਹੋਈ। ਜੇ ਇਹ ਪੰਜਾਬ ਦੇ ਹਿੱਸੇ ਹੁੰਦੇ ਤਾਂ ਅਜਿਹੀਆਂ ਰੁਕਾਵਟਾਂ ਨਾ ਹੁੰਦੀਆਂ। ਖਾਲਿਸਤਾਨ ਦਾ ਮੁੱਦਾ ਪੰਜਾਬੀ ਸੂਬਾ ਬਣਨ ਨਾਲ ਖੜ੍ਹਾ ਹੋਇਆ। ਪੰਜਾਬ ਤੋਂ ਬਾਹਰ ਰਹਿਣ ਵਾਲੇ ਸਿੱਖਾਂ ਦਾ ਜਿਊਣਾ ਦੁੱਭਰ ਹੋ ਗਿਆ। 1984 ਵਿੱਚ ਦਿੱਲੀ ਅਤੇ ਦੇਸ਼ ਦੇ ਹੋਰ ਸੂਬਿਆਂ ਵਿੱਚ ਸਿੱਖਾਂ ਦਾ ਕਤਲੇਆਮ ਹੋਇਆ। ਸੇਵਾ ਮੁਕਤ ਫ਼ੌਜੀ ਜਰਨੈਲਾਂ ਅਤੇ ਹੋਰ ਪ੍ਰਤਿਸ਼ਟ ਸਿੱਖਾਂ ਦੀ ਨਿਰਾਦਰੀ ਹੋਈ, ਉਨ੍ਹਾਂ ਨੂੰ ਲੁਕ ਛਿਪ ਕੇ ਦਿਨ ਕਟੀ ਕਰਨੀ ਪਈ। ਏਥੇ ਹੀ ਬਸ ਨਹੀਂ ਬੇਰੋਜ਼ਗਾਰੀ ਦਾ ਮੁੱਖ ਕਾਰਨ ਪੰਜਾਬ ਦੀ ਵੰਡ ਹੋਣਾ ਹੈ। ਸਾਡੇ ਨੌਜਵਾਨ ਦਿੱਲੀ ਅਤੇ ਇਸ ਦੇ ਆਲੇ ਦੁਆਲੇ ਨੌਕਰੀ ਕਰਦੇ ਸਨ। ਦਿੱਲੀ ਦੇ ਆਲੇ ਦੁਆਲੇ ਦੇ ਲੋਕ ਜੋ ਅੱਜ ਹਰਿਆਣਾ ਹੈ, ਉਥੋਂ ਦੇ ਬੱਚੇ ਘੱਟ ਪੜ੍ਹੇ ਲਿਖੇ ਹੋਣ ਕਰਕੇ ਸਾਡੇ ਲੜਕੇ ਲੜਕੀਆਂ ਉਥੇ ਨੌਕਰੀ ਕਰਦੇ ਸਨ। ਹੁਣ ਚਿੜੀ ਦੇ ਪਹੁੰਚੇ ਜਿੱਡਾ ਪੰਜਾਬ ਰਹਿ ਗਿਆ ਹੈ। ਪੰਜਾਬ, ਪੰਜਾਬੀ ਨੌਜਵਾਨਾ ਨੂੰ ਰੋਜ਼ਗਾਰ ਨਹੀਂ ਦੇ ਸਕਦਾ। ਸਾਡੀ ਨੌਜਵਾਨ ਪੀੜ੍ਹੀ ਪਰਵਾਸ ਨੂੰ ਭੱਜ ਰਹੀ ਹੈ। ਸਾਡਾ ਸਭਿਆਚਾਰ ਖ਼ਤਮ ਹੋ ਰਿਹਾ ਹੈ। ਪੰਜਾਬੀ ਸੂਬੇ ਤੋਂ ਅਸੀਂ ਇਹੋ ਖੱਟਿਆ ਕਿ ਸਾਡੀ ਅਗਲੀ ਪੀੜ੍ਹੀ ਸਾਡੇ ਹੱਥੋਂ ਨਿਕਲ ਕੇ ਪਰਵਾਸ ਵਿੱਚ ਜਾ ਰਹੀ ਹੈ। ਪੰਜਾਬੀਆਂ/ਸਿੱਖਾਂ ਨੂੰ ਸੋਚਣ ਦੀ ਲੋੜ ਹੈ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Edmonton
Parminder Singh Balluana
780-258-5800
780 599 2000
Email: balluana.parminder@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਉੱਤਰੀ ਆਰਕਟਿਕ ਖੇਤਰ ਦੀਆਂ ਰਹੱਸਮਈ ਰੌਸ਼ਨੀਆਂ (ਨਾਰਦਨ ਲਾਈਟਜ਼)

ਪੁਰਾਤਨ ਮਿੱਥਾਂ ਤੇ ਇਤਿਹਾਸ:ਉੱਤਰੀ ਧਰੁਵ ਦੀਆਂ ਰਹੱਸਮਈ ਰੌਸ਼ਨੀਆਂ ਨੇ ਲੰਬੇ ਸਮੇਂ ਤੋਂ ਮਨੁੱਖੀ ਇਤਿਹਾਸ ਵਿੱਚ ਅਣਗਿਣਤ ਕਥਾਵਾਂ ਤੇ ਮਿੱਥਾਂ ਨੂੰ ਪ੍ਰੇਰਿਤ ਕੀਤਾ ਹੈ।ਆਰਕਟਿਕ ਖਿੱਤੇ ਦੇ ਕੁੱਝ ਸਮਾਜਾਂ ਦੇ ਅਨੁਯਾਈਆਂ ਦਾ ਮੰਨਣਾ ਹੈ ਕਿ ਅਜਿਹੀਆਂ ਰੌਸ਼ਨੀਆਂ ਰੂਹਾਂ ਤੋਂ ਆਉਂਦੀਆਂ ਹਨ ਜੋ ਕਿ ਹਾਲ ਹੀ ਵਿੱਚ ਜੀਵਨ ਤੋਂ ਮੁਕਤ ਹੁੰਦੀਆਂ ਹਨ।ਆਰਕਟਿਕ ਖਿੱਤੇ ਦੇ ਹੋਰ ਕਈ ਲੋਕ ਉਹਨਾਂ ਨੂੰ ਬੱਚਿਆਂ ਅਤੇ ਆਸਮਾਨ ਵਿੱਚ ਨੱਚਣ ਵਾਲੀਆਂ ਬਜ਼ੁਰਗ ਨੌਕਰਾਣੀਆਂ ਜਾਂ ਲੜ ਰਹੇ ਯੋਧਿਆਂ ਦੀਆਂ ਆਤਮਾਵਾਂ ਮੰਨਦੇ ਹਨ।ਰਿਕਾਰਡ ਕੀਤੇ ਸਮੇਂ ਦੀ ਸਵੇਰ ਤੋਂ,ਮਨੁੱਖਾਂ ਨੇ ਰਾਤ ਦੇ ਆਸਮਾਨ ਵੱਲ ਦੇਖਿਆ ਹੈ ਤੇ ਉਹਨਾਂ ਭੇਤਾਂ ਬਾਰੇ ਸੋਚਿਆ ਹੈ ਜੋ ਉਹਨਾਂ ਨੇ ਉੱਥੇ ਪਾਏ ਹਨ, ਜਿਸ ਵਿੱਚ ਉੱਤਰੀ ਰੌਸ਼ਨੀ ਦੇ ਦਿਲਚਸਪ ਰਹੱਸ ਵੀ ਸ਼ਾਮਿਲ ਹਨ।ਉਸ ਸਮੇਂ ਦੀ ਕਲਪਨਾ ਕਰੋ ਜਦੋਂ ਸੰਸਾਰ ਅਣਜਾਣ ਭੂਤ-ਪ੍ਰੇਤਾਂ ਅਤੇ ਦੇਵੀ-ਦੇਵਤਿਆਂ ਨਾਲ ਭਰਿਆ ਪਿਆ ਸੀ।ਇਹ ਸਮਾਂ ਵਿਗਿਆਨ ਦੁਆਰਾ ਕੁਦਰਤ ਦੇ ਭੇਦ ਖੋਲਣ ਤੋਂ ਪਹਿਲਾਂ ਦਾ ਸਮਾਂ ਸੀ।ਉੱਤਰੀ ਅਤੇ ਦੱਖਣੀ ਧਰੁਵੀ ਖੇਤਰਾਂ ਵਿੱਚ ਦਿਸਣ ਵਾਲੀਆਂ ਰੌਸ਼ਨੀਆਂ ਨੂੰ ਔਰੋਰਾ ਕਹਿੰਦੇ ਹਨ।ਉੱਤਰੀ ਰੌਸ਼ਨੀਆਂ ਨੂੰ ਵਿਗਿਆਨੀ ਔਰੋਰਾ ਬੋਰੇਲਿਸ (ਅਰੋਰਓ ਭੋਰਏਓਲਸਿ) ਵਜੋਂ ਵੀ ਜਾਣਦੇ ਹਨ।ਇਹ ਹਜ਼ਾਰਾਂ ਸਾਲਾਂ ਤੋਂ ਲੋਕ ਕਥਾਵਾਂ ਤੇ ਮਿਥਿਹਾਸ ਵਿੱਚ ਵਿਸ਼ੇਸ਼ ਸਥਾਨ ਰੱਖਦੀਆਂ ਹਨ।

ਯੂਰਪ ਵਿੱਚ ਵਸਣ ਵਾਲੇ ਪਹਿਲੇ ਸ਼ੁਰੂਆਤੀ ਮਨੁੱਖ ਕ੍ਰੋਮੈਗਨਨ ਲੋਕਾਂ ਨੇ ਲਗਭਗ 30,000 ਸਾਲ ਪਹਿਲਾਂ ਅਜੋਕੇ ਫਰਾਂਸ ਵਿੱਚ ਗੁਫਾਵਾਂ ਦੀਆਂ ਕੰਧਾਂ ਤੇ ਉੱਨ ਦੇ ਹਾਥੀ (ਮੈਮਥਜ਼), ਬਾਈਸਨ ਅਤੇ ਆਕਾਸ਼ੀ ਪਦਾਰਥਾਂ/ਸ਼ੈਆਂ ਦੇ ਪੇਂਟਿੰਗਜ਼ ਬਣਾਏ ਹੋਏ ਸਨ।ਉੱਤਰੀ ਰੌਸ਼ਨੀਆਂ ਦੇ ਸਭ ਤੋਂ ਪੁਰਾਣੇ ਲਿਖਤੀ ਬਿਰਤਾਂਤਾਂ ਵਿੱਚ ਚੀਨ ਦਾ ਇੱਕ ਪ੍ਰਾਚੀਨ ਇਤਿਹਾਸ ਬਾਂਸ ਦੇ ਇਤਿਹਾਸ ਨਾਮਕ ਲਿਖਿਤ ਵਿੱਚ ਪਾਇਆ ਜਾ ਸਕਦਾ ਹੈ, ਜੋ ਕਿ ਰਾਜਾ ਝਾਓ(997-957 ਬੀ.ਸੀ.) ਦੇ ਸ਼ਾਸਨ ਕਾਲ ਦੌਰਾਨ ਉੱਤਰੀ ਆਸਮਾਨ ਵਿੱਚ ਇੱਕ ਪੰਜ ਰੰਗੀ ਰੌਸ਼ਨੀ ਦਾ ਵਰਣਨ ਕਰਦਾ ਹੈ।ਪੂਰਵ ਇਤਿਹਾਸਕ ਗੁਫਾ ਨਿਵਾਸੀਆਂ ਤੋਂ ਲੈ ਕੇ ਮੱਧ ਯੁੱਗ ਤੱਕ ਅਤੇ ਇਸ ਤੋਂ ਅੱਗੇ, ਉੱਤਰੀ ਗੋਲਾਰਧ ਦੇ ਵਸਨੀਕਾਂ ਨੇ ਵੀ ਚਮਕਦੀਆਂ ਲਹਿਰਾਂ ਅਤੇ ਹਰੇ, ਲਾਲ, ਪੀਲੇ, ਨੀਲੇ ਤੇ ਜਾਮਣੀ ਰੰਗਾਂ ਦੀਆਂ ਰੌਸ਼ਨੀਆਂ ਦੀਆਂ ਕਹਾਣੀਆਂ ਸੁਣਾਈਆਂ ਹਨ, ਜੋ ਕਿ ਕਿਤੇ ਦਿਖਾਈ ਨਹੀਂ ਦਿੰਦੀਆਂ, ਪਰ ਰਾਤ ਦੇ ਸ਼ਾਂਤ ਆਸਮਾਨ ਵਿੱਚ ਇਹ ਨੱਚਦੀਆਂ ਪ੍ਰਤੀਤ ਜ਼ਰੂਰ ਹੁੰਦੀਆਂ ਹਨ।ਧਰਤੀ ਦਾ ਚੁੰਬਕੀ ਉੱਤਰੀ ਧਰੁੱਵ ਉਸ ਸਮੇਂ ਏਸ਼ੀਆ ਦੇ ਥੋੜਾ ਨੇੜੇ ਸੀ, ਅਤੇ ਖੋਜਕਰਤਾਵਾਂ ਦਾ ਮੰਨਣਾ ਹੈ ਕਿ ਉੱਤਰੀ ਰੌਸ਼ਨੀਆਂ ਚੀਨ ਵਿੱਚ ਵੀ ਦਿਖਾਈ ਦੇ ਸਕਦੀਆਂ ਸਨ।ਇਸ ਤੋਂ ਇਲਾਵਾ ਪੁਰਾਤੱਤਵ-ਵਿਗਿਆਨੀਆਂ ਨੇ ਪ੍ਰਾਚੀਨ ਬੇਬੀਲੋਨ ਤੋਂ 3000 ਦੇ ਕਰੀਬ ਬਚੇ ਹੋਏ ਖਗੋਲ ਵਿਗਿਆਨਕ ਰਿਕਾਰਡਾਂ ਦੀ ਖੋਜ ਕਰਦੇ ਹੋਏ ਇਹਨਾਂ ਰਹੱਸਮਈ ਰੌਸ਼ਨੀਆਂ ਦੀ ਖੋਜ ਪੜਤਾਲ ਸ਼ੁਰੂ ਕੀਤੀ ਸੀ।



'ਦੀ ਵਾਈਕਿੰਗ'-ਮਹਾਨ ਸਕੈਂਡੇਨੇਵੀਅਨ ਯੋਧੇ, ਜਿਨ੍ਹਾਂ ਨੇ 9ਵੀਂ-11ਵੀਂ ਸਦੀ ਤੱਕ ਯੂਰਪ ਨੂੰ ਹਮਲਿਆਂ ਨਾਲ ਝੰਬ ਸੁੱਟਿਆ ਸੀ, ਨੇ ਨੋਰਸ ਮਿਥਿਹਾਸ ਦੇ ਲੈਂਜ਼ ਦੁਆਰਾ ਉੱਤਰੀ ਰੌਸ਼ਨੀਆਂ ਨੂੰ ਦੇਖਿਆ ਸੀ।ਵਾਈਕਿੰਗਜ਼ ਯੋਧੇ ਇਹ ਵਿਸ਼ਵਾਸ ਕਰਦੇ ਸਨ ਕਿ ਉਹਨਾਂ ਦੇ ਪ੍ਰਮੁੱਖ ਦੇਵਤੇ 'ਆਡਿਨ' ਨੇ ਇਸਤਰੀ ਯੋਧੇ ਜਿਨ੍ਹਾਂ ਨੂੰ 'ਵਾਲਕੀਰੀ' ਕਿਹਾ ਜਾਂਦਾ, ਭੇਜੇ ਹਨ ਜੋ ਕਿ ਜੰਗ ਵਿੱਚ ਉਹਨਾਂ ਦੀ ਮੱਦਦ ਕਰਨਗੀਆਂ।ਇਸੇ ਕਰਕੇ ਉੱਤਰੀ ਰੌਸ਼ਨੀਆਂ ਨੂੰ ਵਾਲਕੀਰੀ ਆਰਮਰ (ਸੈਨਾ) ਤੋਂ ਦਿਸਣ ਵਾਲੇ ਪ੍ਰਤੀਬਿੰਬ ਵੀ ਕਿਹਾ ਜਾਂਦਾ ਸੀ।ਉੱਤਰੀ ਨਾਰਵੇ, ਸਵੀਡਨ ਅਤੇ ਫਿਨਲੈਂਡ ਦੇ ਸਾਮੀ ਲੋਕ ਮੰਨਦੇ ਸਨ ਕਿ ਉੱਤਰੀ ਰੌਸ਼ਨੀਆਂ ਮੁਰਦਿਆਂ ਦੀਆਂ ਆਤਮਾਵਾਂ ਅਤੇ ਦੁਖਦਾਈ ਸ਼ਗਨ ਹਨ।ਫਿਨਲੈਂਡ ਦੇ ਲੋਕਾਂ ਨੇ ਉੱਤਰੀ ਰੌਸ਼ਨੀਆਂ ਦੀ ਵਧੇਰੇ ਸਕਰਾਤਮਿਕ ਢੰਗ ਨਾਲ ਵਿਆਖਿਆ ਕੀਤੀ ਕਿ ਫਾਇਰਫੋਕਸ ਨਾਮਕ ਜੀਵ ਰਾਤ ਦੇ ਆਸਮਾਨ ਵਿੱਚ ਘੁੰਮਦੇ ਹਨ ਅਤੇ ਆਪਣੀਆਂ ਪੂਛਾਂ ਨਾਲ ਪਹਾੜਾਂ ਦੀਆਂ ਚੋਟੀਆਂ ਨੂੰ ਝੰਬਾਂ ਮਾਰਦੇ ਹਨ।ਇਸ ਨਾਲ ਆਸਮਾਨ ਵਿੱਚ ਚੰਗਿਆੜੀਆਂ ਤੇ ਰੌਸ਼ਨੀਆਂ ਪੈਦਾ ਹੁੰਦੀਆਂ ਹਨ।ਇਸ ਤੋਂ ਇਲਾਵਾ ਆਈਸਲੈਂਡ, ਗਰੀਨਲੈਂਡ, ਅਲਾਸਕਾ ਅਤੇ ਕੈਨੇਡਾ ਦੇ ਪੁਰਾਣੇ ਵਸਨੀਕ ਉੱਤਰੀ ਰੌਸ਼ਨੀਆਂ ਨੂੰ ਰਹੱਸਮਈ ਸਮਝਦੇ ਸਨ।ਨਾਰਵੇ ਵਿੱਚ ਤਾਂ ਲੋਕ ਇਹਨਾਂ ਰੌਸ਼ਨੀਆਂ ਨੂੰ ਅਣਵਿਆਹੀਆਂ ਕੁੜੀਆਂ ਦੇ ਨੱਚਦੇ ਭੂਤ ਤੱਕ ਮੰਨਦੇ ਰਹੇ ਹਨ।ਇਹ ਲੋਕ ਔਰੋਰਾ ਬੋਰੇਲੀਅਸ ਨੂੰ ਸਵਰਗ ਦਾ ਸ਼ਿਕਾਰੀ ਸਥਾਨ ਮੰਨਦੇ ਸਨ, ਜਿੱਥੇ ਬਹੁਤ ਸਾਰੀਆਂ ਖੇਡਾਂ ਹੁੰਦੀਆਂ ਤੇ ਉੱਥੇ ਕੋਈ ਵੀ ਬਰਫੀਲਾ ਤੂਫਾਨ ਨਹੀਂ ਆਉਂਦਾ।

ਰੌਸ਼ਨੀਆਂ ਬਾਰੇ ਵਿਗਿਆਨਕ ਮੱਤ: ਇਟਾਲੀਅਨ ਖਗੋਲ ਵਿਗਿਆਨੀ ਗੈਲੀਲੀਓ ਗੈਲੀਲੀਅ (ਸੰਨ੍ਹ 1564-1642), ਜੋ ਕਿ ਆਪਣੀ ਪਹਿਲੀ ਸ਼ਕਤੀਸ਼ਾਲੀ ਦੂਰਬੀਨ ਬਣਾਉਣ ਲਈ ਪ੍ਰਸਿੱਧ ਸਨ ਤੇ ਜਿਨ੍ਹਾਂ ਨੇ ਗਣਿਤ ਦੀਆਂ ਸਮੀਕਰਨਾਂ ਨੂੰ ਕੁਦਰਤੀ ਵਿਗਿਆਨ ਵਿੱਚ ਵਰਤਿਆ ਸੀ, ਨੇ ਸਤੰਬਰ 1621 ਵਿੱਚ ਇੱਕ ਰਾਤ ਇਹਨਾਂ ਰੌਸ਼ਨੀਆਂ ਦੀ ਜਾਂਚ ਪੜਤਾਲ ਕਰਕੇ ਉੱਤਰੀ ਰੌਸ਼ਨੀਆਂ ਦਾ ਨਾਮ ਦਿੱਤਾ।ਇਸ ਤੋਂ ਇਲਾਵਾ ਫਰਾਂਸੀਸੀ ਦਾਰਸ਼ਨਿਕ ਅਤੇ ਵਿਗਿਆਨੀ ਪੀਅਰੇ ਗੈਸੇਂਡੀ ਨੇ ਵੀ ਉਸੇ ਰਾਤ ਅਜਿਹੀਆਂ ਰੌਸ਼ਨੀਆਂ ਨੂੰ ਦੇਖਿਆ, ਜਿਸ ਰਾਤ ਗੈਲੀਲੀਓ ਨੇ ਦੇਖਿਆ ਸੀ।ਜਾਂ ਤਾਂ ਗੈਲੀਲੀਓ ਨੇ ਜਾਂ ਫਿਰ ਗੈਸੇਂਡੀ ਨੇ ਇਹਨਾਂ ਰੌਸ਼ਨੀਆਂ ਦਾ ਨਾਮ ਔਰੋਰਾ ਬੋਰੇਲੀਅਸ ਦੇ ਨਾਮ ਤੇ ਰੱਖਿਆ।ਅਰੌਰਾ ਨਾਮ ਰੋਮ ਦੇ ਸਵੇਰ ਦੇ ਦੇਵਤੇ ਦੇ ਨਾਮ ਤੇ ਹੈ ਅਤੇ ਬੋਰੇਲੀਅਸ ਨਾਮ ਖੇਤਰ ਵਿੱਚ ਚੱਲਣ ਵਾਲੀਆਂ ਠੰਢੀਆਂ ਉੱਤਰੀ ਹਵਾਵਾਂ ਤੇ ਸਰਦੀਆਂ ਦੇ ਯੂਨਾਨੀ ਦੇਵਤਾ ਦੇ ਨਾਮ ਤੇ ਰੱਖਿਆ।

ਇਸਦਾ ਹੋਰ ਤਕੜਾ ਅਰਥ ਕੁੱਝ ਅਜਿਹਾ ਸੀ, ਉੱਤਰ ਤੋਂ ਸੂਰਜ ਚੜ੍ਹਨ ਦੇ ਰੰਗ ਜਿਵੇਂ ਕਿ ਮੱਧ-ਯੁੱਗੀ ਵਿਗਿਆਨੀਆਂ ਨੇ ਅੰਦਾਜ਼ਾ ਲਗਾਇਆ ਸੀ ਕਿ ਇਹ ਰੌਸ਼ਨੀਆਂ ਵਾਯੂਮੰਡਲ ਵਿੱਚ ਸੂਰਜ ਜਾਂ ਚੰਦਰਮਾ ਦੇ ਰੌਸ਼ਨੀ ਪ੍ਰਤੀਬਿੰਬ ਹੀ ਹਨ।ਔਰੋਰਾ ਬੋਰੇਲੀਅਸ ਰੌਸ਼ਨੀਆਂ ਦੇ ਰੰਗਾਂ ਦਾ ਇੱਕ ਬਹੁਤ ਹੀ ਖੂਬਸੂਰਤ ਨਜ਼ਾਰਾ ਹੈ।ਅਜਿਹਾ ਨਜ਼ਾਰਾ ਉਦੋਂ ਪੈਦਾ ਹੁੰਦਾ ਹੈ ਜਦ ਸੂਰਜ ਦੇ ਕਰੋਨਾ ਤੋਂ ਨਿਕਲੇ ਹਜ਼ਾਰਾਂ ਚਾਰਜਡ ਕਣ ਆਪਸ ਵਿੱਚ ਬੁਰੀ ਤਰ੍ਹਾਂ ਨਾਲ ਟਕਰਾਉਂਦੇ ਹਨ।ਇਹ ਕਣ ਪ੍ਰਕਾਸ਼ ਦੇ ਵੇਗ ਨਾਲ ਹੀ ਚਲਦੇ ਹਨ ਤੇ 45 ਮਿਲੀਅਨ ਮੀਲ ਪ੍ਰਤੀ ਘੰਟਾ ਦੀ ਗਤੀ ਨਾਲ ਧਰਤੀ ਦੇ ਵਾਯੂਮੰਡਲ ਦੇ ਉਪਰੀ ਭਾਗ ਜਾਂ ਆਈਨੋਸਫੀਅਰ ਨਾਲ ਆ ਟਕਰਾਉਂਦੇ ਹਨ।ਖੁਸ਼ਕਿਸਮਤੀ ਨਾਲ ਜੀਵਨ ਲਈ ਅਸੀਂ ਇਹ ਜਾਣਦੇ ਹਾਂ, ਕਿ ਧਰਤੀ ਦਾ ਚੁੰਬਕੀ ਖੇਤਰ ਇਹਨਾਂ ਕਣਾਂ ਨੂੰ ਉੱਤਰੀ ਤੇ ਦੱਖਣੀ ਧਰੁਵਾਂ ਵੱਲ ਮੋੜ ਦਿੰਦਾ ਹੈ।ਇਸ ਕਰਕੇ ਸਾਨੂੰ ਧਰਤੀ ਤੇ ਵਿਨਾਸ਼ਕਾਰੀ ਤਾਕਤ ਦੇਖਣ ਦੀ ਬਜਾਏ ਇਹ ਰੌਸ਼ਨੀਆਂ ਦੇਖਣ ਨੂੰ ਮਿਲਦੀਆਂ ਹਨ। ਇਹ ਸਭ ਦ੍ਰਿਸ਼ ਧਰਤੀ ਦੇ ਸ਼ਕਤੀਸ਼ਾਲੀ ਚੁੰਬਕੀ ਖੇਤਰ ਕਰਕੇ ਹੀ ਪੈਦਾ ਹੁੰਦੇ ਹਨ।

ਉੱਤਰੀ ਰੌਸ਼ਨੀਆਂ ਦੇਖਣ ਦਾ ਸਭ ਤੋਂ ਵਧੀਆ ਸਮਾਂ ਸਰਦੀਆਂ ਦੇ ਮਹੀਨੇ ਹੀ ਹਨ, ਕਿਉਂਕਿ ਇਹਨਾਂ ਮਹੀਨਿਆਂ ਵਿੱਚ ਆਸਮਾਨ ਸਾਫ ਤੇ ਰਾਤਾਂ ਕਾਲੀਆਂ ਤੇ ਲੰਬੀਆਂ ਹੋਣ ਕਰਕੇ ਇਹ ਨਜ਼ਾਰੇ ਦੇਖਣ ਦੇ ਪਲ ਵਧ ਜਾਂਦੇ ਹਨ।ਨਾਰਵੇਈ ਵਿਗਿਆਨੀ ਕ੍ਰਿਸਟੀਅਨ ਬਰਕਲੈਂਡ ਉੱਤਰੀ ਰੌਸ਼ਨੀਆਂ ਅਤੇ ਸੂਰਜ ਦੇ ਭੂ-ਚੁੰਬਕੀ ਤੂਫਾਨਾਂ ਵਿਚਕਾਰ ਸੰਬੰਧ ਨੂੰ ਸਮਝਣ ਵਾਲੇ ਪਹਿਲੇ ਖੋਜਕਰਤਾ ਸਨ।ਬਰਕਲੈਂਡ ਇੱਕ ਅਜਿਹਾ ਖੋਜੀ ਸੀ ਜਿਸ ਨੇ ਬਿਜਲ-ਚੁੰਬਕੀ ਤੋਪ ਬਣਾਉਣ ਤੋਂ ਲੈ ਕੇ ਖਾਦ ਬਣਾਉਣ ਲਈ ਹਵਾ ਤੋਂ ਨਾਈਟਰੋਜਨ ਕੱਢਣ ਦੀ ਵਿਧੀ ਤੱਕ ਹਰ ਇੱਕ ਚੀਜ਼ ਤੇ ਪੇਟੈਂਟ ਸੁਰੱਖਿਅਤ ਕਰਵਾ ਰੱਖੇ ਸਨ।ਬਰਕਲੈਂਡ ਨੇ ਸੁਝਾਅ ਦਿੱਤਾ ਕਿ ਸੂਰਜ ਦੇ ਚਟਾਕ/ਧੱਬੇ (ਨਿਸ਼ਾਨ) ਇਲੈਕਟ੍ਰਾਨਾਂ ਦਾ ਨਿਕਾਸ ਕਰਦੇ ਹਨ ਜੋ ਕਿ ਧਰਤੀ ਦੇ ਚੁੰਬਕੀ ਖੇਤਰ ਦੁਆਰਾ ਉੱਤਰੀ ਧਰੁਵ ਵੱਲ ਖਿੱਚੇ ਜਾਂਦੇ ਹਨ ਤੇ ਆਸਮਾਨ ਵਿੱਚ ਚਮਕਾਂ ਪੈਦਾ ਕਰਦੇ ਹਨ।ਇਹ ਰੰਗਦਾਰ ਚਮਕਾਂ ਊਰਜਾ ਦਾ ਹੀ ਇੱਕ ਰੂਪ ਹੈ ਜੋ ਕਿ ਚਾਰਜਡ ਕਣਾਂ ਦੁਆਰਾ ਉਤਸਰਜਿਤ ਹੁੰਦੀ ਹੈ।ਇਹ ਚਾਰਜ ਕਣ ਆਈਨੋਸਫੀਅਰ ਵਿੱਚ ਭਾਰੀ ਮਾਤਰਾ ਵਿੱਚ ਊਰਜਾ ਛੱਡਦੇ ਹਨ, ਜਿਸ ਨਾਲ ਫਲੋਰੋਸੈਂਸ (ਚਮਕੀਲਾ ਖੇਤਰ) ਪੈਦਾ ਹੁੰਦਾ ਹੈ।

ਪ੍ਰਮਾਣੂ ਅਤੇ ਅਣੂ ਵੱਖ-ਵੱਖ ਤਰ੍ਹਾਂ ਦੇ ਰੰਗ ਉਤਸਰਜਿਤ ਕਰਦੇ ਹਨ।ਰੰਗਾਂ ਦਾ ਇਹ ਵਖਰੇਵਾਂ ਕਣਾਂ ਦੀ ਗਤੀ ਅਤੇ ਉਚਾਈ ਤੇ ਨਿਰਭਰ ਕਰਦਾ ਹੈ। ਨੀਲੇ, ਜਾਮਣੀ ਤੇ ਲਾਲ ਰੰਗ ਦੀਆਂ ਰੌਸ਼ਨੀਆਂ ਉਦੋਂ ਹੀ ਨਿਕਲਦੀਆਂ ਹਨ, ਜਦ ਵਾਯੂਮੰਡਲੀ ਗੈਸਾਂ ਦੇ ਅਣੂਆਂ ਦੀ ਗਤੀ 60 ਮੀਲ ਪ੍ਰਤੀ ਘੰਟਾ ਤੋਂ ਘੱਟ ਹੁੰਦੀ ਹੈ।ਚਮਕੀਲੇ ਹਰੇ ਰੰਗ ਦੀ ਰੌਸ਼ਨੀ ਉਦੋਂ ਨਿਕਲਦੀ ਹੈ ਜਦ ਮਾਦੇ ਦੇ ਅਣੂ 60-150 ਮੀਲ ਪ੍ਰਤੀ ਘੰਟਾ ਦੀ ਗਤੀ ਤੇ ਦੌੜਦੇ ਹਨ।

ਵਿਸ਼ਵ ਦੇ ਵਿਗਿਆਨੀ ਕਾਫੀ ਸਮੇਂ ਤੱਕ ਬਰਕਲੈਂਡ ਦੀ ਦਿੱਤੀ ਇਸ ਥਿਊਰੀ ਤੇ ਯਕੀਨ ਨਾ ਕਰ ਸਕੇ, ਪਰ ਉਸਦੇ ਮਰਨ ਤੋਂ ਬਾਅਦ ਹੀ ਉਸਦੀ ਦਿੱਤੀ ਇਹ ਥਿਊਰੀ ਸੱਚ ਸਾਬਿਤ ਹੋਈ ਕਿ ਇਹ ਸੂਰਜ ਦੇ ਕਰੋਨਾ ਭਾਗ ਤੋਂ ਨਿਕਲੇ ਹੋਏ ਉੱਚ ਸ਼ਕਤੀ ਵਾਲੇ ਇਲੈਕਟ੍ਰਾਨ ਹੀ ਹਨ ਜੋ ਕਿ ਉੱਤਰੀ ਧਰੁਵ ਵੱਲ ਖਿੱਚੇ ਜਾਣ ਕਰਕੇ ਉੱਤਰੀ ਰੌਸ਼ਨੀਆਂ ਪੈਦਾ ਕਰਦੇ ਹਨ। ਇਸੇ ਤਰ੍ਹਾਂ ਦੱਖਣੀ ਧਰੁੱਵ ਵੱਲ ਖਿੱਚੇ ਜਾਣ ਵਾਲੇ ਚਾਰਜ ਕਣ ਦੱਖਣੀ ਰੌਸ਼ਨੀਆਂ ਪੈਦਾ ਕਰਦੇ ਹਨ।ਇਸਨੂੰ ਔਰੋਰਾ ਆਸਟ੍ਰੇਲੀਆ ਵੀ ਕਹਿੰਦੇ ਹਨ।ਔਰੋਰਾ ਸਭ ਤੋਂ ਵਧੀਆ ਰਾਤ ਦੇ ਸਮੇਂ ਹੀ ਦਿਖਾਈ ਦਿੰਦੇ ਹਨ।

ਰੌਸ਼ਨੀਆਂ ਦਾ ਲੋਕ ਮਨਾਂ ਤੇ ਪ੍ਰਭਾਵ ਅਤੇ ਨਵੇਂ ਵਿਗਿਆਨਕ ਤਰਕ: ਸੋ ਉੱਤਰੀ ਰੌਸ਼ਨੀਆਂ ਨਾਲ ਜੁੜੀਆਂ ਪੁਰਾਣੀਆਂ ਮਿਥਿਹਾਸਕ ਅਤੇ ਲੋਕ-ਕਥਾਵਾਂ ਖਤਮ ਹੋ ਸਕਦੀਆਂ ਹਨ, ਪਰ ਇਹਨਾਂ ਰੌਸ਼ਨੀਆਂ ਵਿੱਚ ਅਜੇ ਵੀ ਸਥਾਨਕ ਲੋਕਾਂ ਦੇ ਮਨ ਵਿੱਚ ਡਰ ਪੈਦਾ ਕਰਨ ਤੇ ਅਖਬਾਰਾਂ ਦੀਆਂ ਮੁੱਖ ਸੁਰਖੀਆਂ ਬਣਨ ਦੀ ਸ਼ਕਤੀ ਹੈ।ਅਖਬਾਰਾਂ ਮੁਤਾਬਕ ਫਰਵਰੀ 1958 ਵਿੱਚ ਉੱਤਰੀ ਰੌਸ਼ਨੀਆਂ ਕੈਨੇਡਾ ਦੇ ਪੱਛਮੀ ਤੱਟ ਤੋਂ ਪੂਰਬੀ ਤੱਟ ਦੇ ਲੱਗਭਗ 1300 ਮੀਲ ਲੰਬੇ ਖੇਤਰ ਵਿੱਚ ਵੱਖ-2 ਰੰਗਾਂ ਦੇ ਸੁਮੇਲ ਰਾਹੀਂ ਦਿਸਣ ਨੂੰ ਮਿਲੀਆਂ।ਇਸੇ ਤਰ੍ਹਾਂ ਮਾਰਚ 1989 ਵਿੱਚ ਪੂਰੇ ਯੂਰਪੀਨ ਆਰਕਟਿਕ ਖੇਤਰ ਤੇ ਉੱਤਰੀ ਅਮਰੀਕਾ ਦੇ ਬਹੁਤੇ ਹਿੱਸਿਆਂ ਵਿੱਚ ਔਰੋਰਿਲ ਹਲਚਲ ਨਾਲ ਸਾਰਾ ਆਸਮਾਨ ਲਾਲ ਰੰਗ ਦਾ ਹੋ ਗਿਆ ਸੀ।ਵਿਗਿਆਨੀ ਕਈ ਸਾਲਾਂ ਤੋਂ ਹੈਰਾਨ ਸਨ ਕਿ ਕਿਵੇਂ ਸੂਰਜ ਤੋਂ ਆਉਣ ਵਾਲੇ ਕਣਾਂ ਨੇ ਧਰਤੀ ਦੇ ਵਾਯੂਮੰਡਲ ਦੇ ਉਪਰੀ ਹਿੱਸਿਆਂ ਨਾਲ ਟਕਰਾ ਕੇ ਇੰਨੀ ਸ਼ਾਨਦਾਰ ਗਤੀ ਪ੍ਰਾਪਤ ਕੀਤੀ?

ਆਖਰਕਾਰ ਇਹ ਭੇਦ ਸੰਨ 2021 ਵਿੱਚ ਸੁਲਝਾ ਲਿਆ ਗਿਆ।ਇਹਨਾਂ ਦੇ ਪੈਦਾ ਹੋਣ ਪਿੱਛੇ ਸੂਰਜੀ ਕਣ ਹੀ ਜ਼ਿੰਮੇਵਾਰ ਹਨ।ਖੋਜਕਰਤਾਵਾਂ ਨੇ ਖੋਜ ਕੀਤੀ ਕਿ ਰੌਸ਼ਨੀਆਂ ਪੈਦਾ ਕਰਨ ਵਾਲੇ ਚਾਰਜਡ ਕਣ (ਇਲੈਕਟ੍ਰਾਨ) ਬਿਜਲ-ਚੁੰਬਕੀ ਬਲਾਂ ਕਾਰਨ ਘੱਟ ਤੀਬਰਤਾ ਵਾਲੀਆਂ ਐਲਫਵੇਨ ਤਰੰਗਾਂ ਰਾਹੀਂ ਗਤੀਮਾਨ ਹੁੰਦੇ ਹਨ।ਇਹਨਾਂ ਤਰੰਗਾਂ ਦਾ ਨਾਮ ਸਵੀਡਨ ਦੇ ਭੌਤਿਕ ਵਿਗਿਆਨੀ ਹੈਨਸ ਐਲਫਵੇਨ ਦੇ ਨਾਮ ਤੇ ਹੀ ਰੱਖਿਆ ਗਿਆ ਸੀ, ਜਿਸਨੇ ਸਭ ਤੋਂ ਪਹਿਲਾਂ ਇਹਨਾਂ ਦਾ ਵਰਣਨ ਕੀਤਾ ਸੀ।ਸੂਰਜ ਅਸਾਡੇ ਵੱਲ ਤਾਪ ਅਤੇ ਪ੍ਰਕਾਸ਼ ਤੋਂ ਇਲਾਵਾ ਹੋਰ ਬਹੁਤ ਕਿਸਮਾਂ ਦੀ ਊਰਜਾ ਅਤੇ ਮਾਦਾ (ਛੋਟੇ ਕਣ) ਭੇਜਦਾ ਰਹਿੰਦਾ ਹੈ।ਪਰ ਸੂਰਜ ਧਰਤੀ ਵੱਲ ਹਰ ਸਮੇਂ ਇੱਕੋ ਜਿਹੀ ਊਰਜਾ ਨਹੀਂ ਭੇਜਦਾ।ਇੱਥੇ ਸੂਰਜੀ ਗਰਮ ਹਵਾ ਲਗਾਤਾਰ ਚੱਲਦੀ ਰਹਿੰਦੀ ਹੈ ਅਤੇ ਵੱਡੇ ਸੂਰਜੀ ਤੂਫਾਨ ਵੀ ਆਉਂਦੇ ਰਹਿੰਦੇ ਹਨ।ਸੌਰ ਉਛਾਲ ਦੇ ਸਮੇਂ ਧਰਤੀ ਦੇ ਆਲੇ-ਦੁਆਲੇ ਸੁਰੱਖਿਆਤਮਕ ਚੁੰਬਕੀ ਖੇਤਰ ਸਾਨੂੰ ਜ਼ਿਆਦਾਤਾਰ ਊਰਜਾ ਦੇ ਤੇਜ਼ ਗਤੀਮਾਨ ਕਣਾਂ ਤੋਂ ਬਚਾਉਂਦਾ ਹੈ।ਇੱਕ ਕਿਸਮ ਦੇ ਸੂਰਜੀ ਤੂਫਾਨ ਦੇ ਦੌਰਾਨ ਜਿਸਨੂੰ ਕਿ ਕੋਰੋਨਲ ਮਾਸ ਇਜੈਕਸ਼ਨ ਜਾਂ ਕੋਰੋਨਲ ਪੁੰਜ ਨਿਕਾਸ (ਛੰਓ) ਕਿਹਾ ਜਾਂਦਾ ਹੈ, ਵੇਲੇ ਸੂਰਜ ਇਲੈਕਟ੍ਰੀਫਾਈਡ ਗੈਸ ਦੇ ਇੱਕ ਵੱਡੇ ਬੁਲਬੁਲੇ ਨੂੰ ਬਾਹਰ ਕੱਢਦਾ ਹੈ, ਜੋ ਕਿ ਉੱਚ ਰਫਤਾਰ ਨਾਲ ਬ੍ਰਹਿਮੰਡ ਵਿੱਚ ਗਤੀਮਾਨ ਹੋ ਸਕਦਾ ਹੈ।ਇਹਨਾਂ ਗੈਸੀ ਅੱਗ ਦੇ ਬੁਲਬੁਲਿਆਂ ਦੀ ਉਚਾਈ ਹੀ ਕਈ ਹਜ਼ਾਰ ਕਿਲੋਮੀਟਰ ਵਿੱਚ ਹੁੰਦੀ ਹੈ।ਜਦੋਂ ਸੂਰਜੀ ਤੂਫਾਨ ਧਰਤੀ ਵੱਲ ਚਲਦਾ ਹੈ ਤਾਂ ਕੁੱਝ ਊਰਜਾ ਅਤੇ ਛੋਟੇ ਕਣ ਧਰਤੀ ਦੇ ਦੋਹਾਂ ਧਰੁਵਾਂ ਤੇ ਚੁੰਬਕੀ ਖੇਤਰ ਦੀਆਂ ਸੀਮਾਵਾਂ ਤੋਂ ਹੇਠਾਂ ਵਾਯੂਮੰਡਲ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਇੱਥੇ ਇਹ ਚਾਰਜਡ ਕਣ ਵਾਯੂਮੰਡਲ ਵਿੱਚ ਉਪਸਥਿਤ ਗੈਸਾਂ ਦੇ ਅਣੂਆਂ ਨਾਲ ਟਕਰਾਉਂਦੇ ਹਨ ਤੇ ਵਾਯੂਮੰਡਲ ਦੀਆਂ ਉਪਰਲੀਆਂ ਪਰਤਾਂ ਵਿੱਚ ਸੁੰਦਰ ਰੌਸ਼ਨੀਆਂ ਬਿਖੇਰਦੇ ਹਨ।ਜਦੋਂ ਇਹ ਕਣ ਆਕਸੀਜਨ ਨਾਲ ਕ੍ਰਿਆ ਕਰਦੇ ਹਨ ਤਾਂ ਹਰੇ ਤੇ ਲਾਲ ਰੰਗ ਦੀਆਂ ਰੌਸ਼ਨੀਆਂ ਪੈਦਾ ਹੁੰਦੀਆਂ ਹਨ।ਨਾਈਟ੍ਰੋਜਨ ਦੇ ਅਣੂਆਂ ਨਾਲ ਮਿਲਣ ਤੇ ਇਹ ਕਣ ਨੀਲੇ ਤੇ ਜਾਮਣੀ ਰੰਗ ਦਾ ਪ੍ਰਕਾਸ਼ ਪੈਦਾ ਕਰਦੇ ਹਨ।

ਧਰਤੀ ਦੇ ਮੌਸਮ ਵਾਂਗ ਸੂਰਜ ਦੇ ਭੂ-ਚੁੰਬਕੀ ਤੂਫਾਨ ਵੀ ਚੱਕਰਾਂ ਦੇ ਰੂਪ ਵਿੱਚ ਆਉਂਦੇ ਹਨ।ਪ੍ਰਮੁੱਖ ਸੂਰਜੀ ਤੂਫਾਨ ਦੀ ਸਰਗਰਮੀ ਵੇਲੇ ਆਇਨੋਸਫੀਅਰ ਵਿੱਚ ਧਮਾਕੇ ਵਾਲੇ ਕਣਾਂ ਦੀ ਚਮਕ ਅਤੇ ਔਰੋਰਾ ਬੋਰੇਲੀਅਸ ਦੀ ਬਾਰੰਬਾਰਤਾ ਸਿਖਰ ਤੇ ਪੁੱਜ ਜਾਂਦੀ ਹੈ।ਇਹਨਾਂ ਸਿਖਰਾਂ ਦੇ ਬਾਅਦ ਔਰੋਰਲ ਗਤੀਵਿਧੀਆਂ ਵਧ ਜਾਂਦੀਆਂ ਹਨ, ਜੋ ਕਿ ਰੌਸ਼ਨੀਆਂ ਦਾ ਰੂਪ ਧਾਰ ਲੈਂਦੀਆਂ ਹਨ।ਅਮਰੀਕਾ ਦੇ ਰਾਸ਼ਟਰੀ ਸਮੁੰਦਰੀ ਅਤੇ ਵਾਯੂਮੰਡਲ ਪ੍ਰਸ਼ਾਸ਼ਨ (ਐਅ) ਦੀ ਰਿਪੋਰਟ ਮੁਤਾਬਕ ਸੂਰਜੀ ਤੂਫਾਨਾਂ ਦਾ ਪਿਛਲਾ ਸਿਖਰ (ਸੌਰ ਉਛਾਲ) ਸੰਨ੍ਹ 2014 ਵਿੱਚ ਹੋਇਆ ਸੀ।ਅਗਲਾ ਅਜਿਹਾ ਸੌਰ ਉਛਾਲ 2025 ਵਿੱਚ ਹੋਣ ਦੀ ਪੂਰੀ ਸੰਭਾਵਨਾ ਹੈ।

ਰੌਸ਼ਨੀਆਂ ਦੇਖਣ ਲਈ ਖੇਤਰ: ਧਰੁਵੀ ਰੌਸ਼ਨੀਆਂ ਕਿਸੇ ਵੀ ਮਹਾਂਦੀਪ ਵਿੱਚੋਂ ਦੇਖੀਆਂ ਜਾ ਸਕਦੀਆਂ ਹਨ।ਉੱਤਰੀ ਧਰੁਵੀ ਰੌਸ਼ਨੀਆਂ ਉਚਾਈ ਵਾਲੇ ਇਲਾਕੇ ਵਿੱਚ ਹੀ ਦਿਸਦੀਆਂ ਹਨ।ਇਹ ਅਲਾਸਕਾ, ਕੈਨੇਡਾ ਦੇ ਉੱਤਰੀ ਮੈਨੀਟੋਬਾ ਤੇ ਯੈਲੋਨਾਈਫ ਪ੍ਰਾਂਤ, ਆਈਸਲੈਂਡ, ਗਰੀਨਲੈਂਡ, ਨਾਰਵੇ, ਸਵੀਡਨ, ਫਿਨਲੈਂਡ ਤੇ ਰੂਸ ਦੇ ਉਪਰਲੇ ਖੇਤਰਾਂ ਵਿੱਚ ਹੀ ਨਜ਼ਰ ਆਉਂਦੀਆਂ ਹਨ।ਤੁਸੀਂ ਉੱਤਰੀ ਧਰੁਵ ਦੇ ਜਿੰਨਾ ਨੇੜੇ ਹੋਵੋਗੇ, ਇਹ ਰੌਸ਼ਨੀਆਂ ਉਨੀਆਂ ਹੀ ਸਾਫ ਤੇ ਚਮਕਦਾਰ ਨਜ਼ਰ ਆਉਣਗੀਆਂ।ਨਵੰਬਰ ਤੋਂ ਫਰਵਰੀ ਮਹੀਨਿਆਂ ਤੱਕ ਇਹ ਬਹੁਤ ਸਾਫ ਨਜ਼ਰ ਆਉਂਦੀਆਂ ਹਨ।

ਨਾਰਡਿਕ ਦੇਸ਼ਾਂ (ਉੱਤਰੀ ਫਿਨਲੈਂਡ, ਸਵੀਡਨ ਅਤੇ ਨਾਰਵੇ) ਵਿੱਚ ਔਰੋਰਾ ਦੇਖਣ ਲਈ ਸਪੈਸ਼ਲ ਟੂਰਿਸਟ ਸਪਾਟ ਵੀ ਤਿਆਰ ਕੀਤੇ ਗਏ ਹਨ ਤਾਂ ਕਿ ਸੈਲਾਨੀ ਰੌਸ਼ਨੀਆਂ ਦਾ ਵਧੀਆ ਨਜ਼ਾਰਾ ਤੱਕ ਸਕਣ।ਉੱਤਰੀ ਰੌਸ਼ਨੀਆਂ ਦੇਖਣ ਲਈ ਸੈਲਾਨੀਆਂ ਲਈ ਅਨੁਕੂਲ ਸਥਾਨਾਂ ਵਿੱਚ ਆਈਸਲੈਂਡ ਦੇ ਰਿਕਜਾਵਿਕ ਅਤੇ ਲੈਪਲੈਂਡ ਖੇਤਰਾਂ ਵਿੱਚ ਟੂਰ ਅਤੇ ਟ੍ਰੈਵਲ ਏਜੰਸੀਆਂ ਬਹੁਤ ਮੱਦਦ ਕਰਦੀਆਂ ਹਨ।ਰਿਕਜਾਵਿਕ ਖੇਤਰ ਵਿੱਚ ਤਾਂ ਇਹ ਨਜ਼ਾਰਾ ਸਤੰਬਰ ਤੋਂ ਅਪ੍ਰੈਲ ਤੱਕ ਬਹੁਤ ਸਾਫ ਦਿਸਦਾ ਹੈ।

ਕੈਨੇਡਾ ਵਿੱਚ ਉੱਤਰੀ ਰੌਸ਼ਨੀਆਂ ਦੇਖਣ ਲਈ ਯਾਕੂਨ ਪ੍ਰਾਂਤ, ਮੈਨੀਟੋਬਾ ਅਤੇ ਯੈਲੋਨਾਈਫ ਖੇਤਰ ਬਹੁਤ ਮਸ਼ਹੂਰ ਹਨ।ਯੈਲੋਨਾਈਫ ਖੇਤਰ ਉੱਤਰੀ ਪੱਛਮੀ ਸੀਮਾਵਾਂ ਵਾਲਾ ਕੈਨੇਡੀਅਨ ਪ੍ਰਾਂਤ ਹੈ।ਇਸਨੂੰ ਅਮਰੀਕਨ ਮਹਾਂਦੀਪ ਵਿੱਚ ਉੱਤਰੀ ਰੌਸ਼ਨੀਆਂ ਦੀ ਰਾਜਧਾਨੀ ਵੀ ਕਿਹਾ ਜਾਂਦਾ ਹੈ।ਇੱਥੇ ਸਾਲ ਵਿੱਚ 240 ਰਾਤਾਂ ਦੌਰਾਨ ਇਹ ਅਦਭੁੱਤ ਤੇ ਮਨਮੋਹਕ ਨਜ਼ਾਰਾ ਦਿਸਦਾ ਹੈ।ਕੈਨੇਡਾ ਸਰਕਾਰ ਵੱਲੋਂ ਸੈਲਾਨੀਆਂ ਲਈ ਕਾਫੀ ਉਚੇਚੇ ਯਤਨ ਵੀ ਕੀਤੇ ਗਏ ਹਨ ਤਾਂ ਕਿ ਉਹ ਕੁਦਰਤ ਦੀ ਕਾਦਰ ਨੂੰ ਮਾਣ ਸਕਣ।

ਉੱਤਰੀ ਰੌਸ਼ਨੀਆਂ ਨੇ ਸਦੀਆਂ ਤੋਂ ਲੋਕਾਂ ਨੂੰ ਮੋਹਿਤ ਕੀਤਾ ਹੈ, ਅਣਗਿਣਤ ਮਿੱਥਾਂ, ਕਥਾਵਾਂ ਅਤੇ ਵਿਗਿਆਨਕ ਵਿਆਖਿਆਵਾਂ ਨੂੰ ਪ੍ਰੇਰਿਤ ਕੀਤਾ ਹੈ, ਅਤੇ ਉਹ ਕੁਦਰਤ ਦੇ ਸਭ ਤੋਂ ਅਦੁੱਤੀ ਵਰਤਾਰਿਆਂ ਵਿੱਚੋਂ ਇੱਕ ਹਨ।ਪ੍ਰਾਚੀਨ ਸੱਭਿਆਚਾਰਾਂ ਤੋਂ ਲੈ ਕੇ ਆਧੁਨਿਕ ਖੋਜਕਰਤਾਵਾਂ ਤੱਕ, ਲੋਕਾਂ ਨੇ ਰੌਸ਼ਨੀ ਦੇ ਇਹਨਾਂ ਚਮਕਦਾਰ ਪ੍ਰਦਰਸ਼ਨਾਂ ਦੀ ਇੱਕ ਝਲਕ ਦੇਖਣ ਦੀ ਉਮੀਦ ਵਿੱਚ ਧਰਤੀ ਦੀਆਂ ਦੂਰ-ਦੂਰ ਤੱਕ ਯਾਤਰਾਵਾਂ ਵੀ ਕੀਤੀਆਂ ਹਨ।ਜਿਵੇਂ ਕਿ ਅਸੀਂ ਉੱਤਰੀ ਰੌਸ਼ਨੀਆਂ ਦੇ ਪਿੱਛੇ ਦੇ ਕਾਰਣਾਂ ਨੂੰ ਜਾਣਨ ਲਈ ਵਿਗਿਆਨਕ ਤਰਕਾਂ ਬਾਰੇ ਹੋਰ ਸਿੱਖਣਾ ਜਾਰੀ ਰੱਖਦੇ ਹਾਂ ਤਾਂ ਸਾਨੂੰ ਸਾਡੇ ਕੁਦਰਤੀ ਸੰਸਾਰ, ਉਸਦੀ ਬੇਅੰਤ ਸ਼ਕਤੀ ਅਤੇ ਸੁੰਦਰਤਾ, ਅਤੇ ਉਸਦੇ ਅਣਗਿਣਤ ਰਹੱਸਾਂ ਦੀ ਯਾਦ ਆਉਂਦੀ ਹੈ ਜੋ ਕਿ ਬ੍ਰਹਿਮੰਡ ਵਿੱਚ ਸਾਡੀ ਉਡੀਕ ਕਰ ਰਹੇ ਹਨ।ਸੋ ਕਹਿਣ ਤੋਂ ਭਾਵ ਕਿ ਕੁਦਰਤ ਦੇ ਰਹੱਸਾਂ ਨੂੰ ਖੋਜਣਾ ਅਤੇ ਸਮਝਣਾ ਅਸਲ ਵਿੱਚ ਬਹੁਤ ਗੁੰਝਲਦਾਰ ਹੈ।ਆਓ ਕੁਦਰਤ ਦੇ ਇਹਨਾਂ ਰਹੱਸਾਂ ਨੂੰ ਜਾਣਨ ਦੀ ਕੋਸ਼ਿਸ਼ ਕਰੀਏ।

ਲੇਖਕ:
ਡਾ. ਸਤਬੀਰ ਸਿੰਘ,
ਸੀਨੀਅਰ ਸਹਾਇਕ ਪ੍ਰੋਫ਼ੈਸਰ,
ਜੀ.ਐਨ.ਡੀ.ਯੂ, ਰਿਜਨਲ ਕੈਂਪਸ,
ਗੁਰਦਾਸਪੁਰ।
ਫੋਨ: 98880-29401















# ਤੜਕੇ ਪੰਜ ਵਜੇ ਕੁੱਟਣ ਵਾਲੇ ਦਰਵੇਸ਼ ਅਧਿਆਪਕ ਸੁਦਾਗਰ ਸਿੰਘ ਧਰੌੜਾਂ ਨੂੰ ਯਾਦ ਕਰਦਿਆਂ



ਡਾ. ਨੌਰੰਗ ਸਿੰਘ ਮਾਂਗਟ (ਲੇਖਕ)
ਗੁਰੂ ਅਮਰ ਦਾਸ ਅਪਾਹਜ ਆਸ਼ਰਮ
ਇੰਡੀਆ:95018-42506
ਕੈਲਗਰੀ: 403-401-8787

ਪੁਰਾਣੇ ਸਮਿਆਂ 'ਚ ਅਧਿਆਪਕਾਂ ਵੱਲੋਂ ਦਿਨ ਦੇ ਸਮੇਂ ਸਕੂਲ 'ਚ ਕੁੱਟ ਪੈਣੀ ਤਾਂ ਆਮ ਜਿਹੀ ਗੱਲ ਹੁੰਦੀ ਸੀ ਪਰ ਤੜਕੇ ਪੰਜ ਕੁ ਵਜੇ ਅਧਿਆਪਕਾਂ ਦੀ ਕੁੱਟ ਕੁੱਝ ਕੁ ਕਿਸਮਤ ਵਾਲਿਆਂ ਦੇ ਹਿੱਸੇ ਹੀ ਆਈ ਹੋਣੀ ਆ। ਉਹਨਾਂ ਕਿਸਮਤ ਵਾਲਿਆਂ 'ਚ ਮੈਂ ਵੀ ਸ਼ਾਮਲ ਹਾਂ। ਆਮ ਕਹਾਵਤ ਹੈ ਵੱਡਿਆਂ ਦੀਆਂ ਗਾਲ੍ਹਾਂ, ਘਿਓ ਦੀਆਂ ਨਾਲ੍ਹਾਂ। ਵੱਡਿਆਂ ਦੇ ਰੂਪ 'ਚ ਮਾਤ-ਪਿਤਾ ਅਤੇ ਅਧਿਆਪਕ ਦਾ ਰੋਲ ਬਹੁਤ ਅਹਿਮ ਹੁੰਦਾ ਹੈ। ਬੱਚਿਆਂ ਲਈ ਇਹ ਸਿਖਸ਼ਾ ਤੇ ਰਹਿਨੁਮਾਈ ਦੇ ਸੋਮੇ ਹੁੰਦੇ ਹਨ। ਇਹਨਾਂ ਵੱਲੋਂ ਪੈਂਦੀਆਂ ਝਿੜਕਾਂ ਤੇ ਕੁੱਟ ਬਚਪਨ ਵਿੱਚ ਭਾਵੇਂ ਬੁਰੀਆਂ ਲੱਗਦੀਆਂ ਨੇ ਪਰ ਬਾਅਦ 'ਚ ਓਹਨਾਂ 'ਚੋਂ ਹੀ ਮਿਠਾਸ ਆਉਂਦਾ ਹੈ।

ਚੌਥੀ ਜਮਾਤ ਤੋਂ ਦਸਵੀਂ (1961 ਤੋਂ 1967) ਤੱਕ ਮੈਂ ਪੜ੍ਹਾਈ ਤੇ ਖੇਡਾਂ ਪੱਖੋਂ ਇਲਾਕੇ ਦੇ ਬਹੁਤ ਹੀ ਪ੍ਰਸਿੱਧ ਆਰ. ਐਸ. ਖਾਲਸਾ ਹਾਈ ਸਕੂਲ ਜਸਪਾਲੋਂ ਵਿਖੇ ਪੜ੍ਹਿਆ ਸੀ। ਇਹ ਸਕੂਲ ਤਕਰੀਬਨ 112 ਸਾਲ ਪਹਿਲਾਂ ਬਣਿਆ ਸੀ ਅਤੇ ਲੁਧਿਆਣਾ ਜ਼ਿਲ੍ਹੇ 'ਚ ਸਭ ਤੋਂ ਪਹਿਲੇ ਬਣੇ ਚਾਰ ਸਕੂਲਾਂ ਚੋਂ ਇੱਕ ਸੀ। ਮੇਰੇ ਪਿੰਡ ਜਟਾਣਾ ਤੋਂ ਇਹ ਸਕੂਲ ਚਾਰ ਕੁ ਕਿਲੋਮੀਟਰ ਪੈਂਦਾ ਸੀ। ਸਕੂਲ ਦੇ ਨਤੀਜੇ ਬਹੁਤ ਅੱਛੇ ਆਉਂਦੇ ਸਨ। ਉਹਨਾਂ ਸਮਿਆਂ ਵਿੱਚ ਪਿੰਡਾਂ 'ਚ ਅਨਪੜ੍ਹਤਾ ਹੋਣ ਕਾਰਨ ਘਰੇ ਪੜ੍ਹਾਈ ਦਾ ਮਹੌਲ ਨਹੀਂ ਸੀ ਹੁੰਦਾ। ਇਸ ਕਰਕੇ ਵਿਦਿਆਰਥੀ ਅਧਿਆਪਕਾਂ ਦੀ ਕੁੱਟ ਤੋਂ ਡਰਦੇ ਹੀ ਪੜ੍ਹਦੇ ਸਨ। ਵਿਦਿਆਰਥੀਆਂ ਦੇ ਮਾਤਾ-ਪਿਤਾ ਕਈ-ਕਈ ਸਾਲ ਸਕੂਲ ਨਹੀਂ ਸੀ ਜਾਂਦੇ। ਜੇ ਕਰ ਕਿਸੇ ਵਿਦਿਆਰਥੀ ਦੀ ਮਾਤਾ ਜਾਂ ਪਿਤਾ ਕਦੇ-ਕਦਾਈਂ ਸਕੂਲ ਆਉਂਦੇ, ਉਹ ਵੀ ਅਧਿਅਪਕਾਂ ਨੂੰ ਕਹਿ ਜਾਂਦੇ ਸਨ, ਜੇ ਸਾਡਾ ਬੱਚਾ ਨਾ ਪੜ੍ਹੇ ਤਾਂ ਖੜਕੈਂਤੀ ਕਰ ਦਿਆ ਕਰੋ।

ਜਸਪਾਲੋਂ ਸਕੂਲ ਦੇ ਸਾਰੇ ਹੀ ਅਧਿਆਪਕਾਂ ਹੈਡਮਾਸਟਰ ਕਰਤਾਰ ਸਿੰਘ ਜੀ, ਪੰਡਤ ਛੱਜੂ ਰਾਮ ਜੀ ਰਾਮਪੁਰ, ਈਸ਼ਰ ਸਿੰਘ ਜੀ ਮਾਦਪੁਰ, ਅਮਰ ਸਿੰਘ ਜੀ ਬੇਗੋਵਾਲ, ਜਗਦੇਵ ਸਿੰਘ ਜੀ ਸੁਲਤਾਨਪੁਰ, ਬਲਵੰਤ ਸਿੰਘ ਜੀ ਜਸਪਾਲੋਂ, ਗਿਆਨੀ ਕੁਲਦੀਪ ਸਿੰਘ ਜੀ, ਪ੍ਰੀਤਮ ਸਿੰਘ ਜੀ ਲੋਪੋਂ ਅਤੇ ਹਿੰਦੀ ਵਾਲੇ ਸ਼ਾਸ਼ਤਰੀ ਜੀ ਦੀ ਕੁੱਟ ਤਕਰੀਬਨ ਕਰਾਰੀ ਹੀ ਹੁੰਦੀ ਸੀ ਭਾਵੇਂ ਥੱਪੜ ਵੱਜੇ ਜਾਂ ਡੰਡਾ। ਪੰਡਤ ਛੱਜੂ ਰਾਮ ਜੀ ਨੂੰ ਜੇ ਕਿਸੇ ਵਿਦਿਆਰਥੀ ਦੇ ਸਰੀਰ ਤੇ ਬਹੁਤੀ ਮੈਲ ਨਜ਼ਰ ਪੈ ਜਾਣੀ ਤਾਂ ਤਿੰਨ ਚਾਰ ਮੁੰਡਿਆਂ ਨੂੰ ਕਹਿਕੇ ਨਲਕੇ ਥੱਲੇ ਲਿਜਾ ਕੇ ਇਸ਼ਨਾਨ ਕਰਵਾ ਦਿੰਦੇ ਸਨ। ਕੋਟਾਂ ਵਾਲੇ ਸਾਇੰਸ ਮਾਸਟਰ ਭੁਪਿੰਦਰ ਸਿੰਘ ਜੀ ਬਹੁਤ ਹੀ ਲਾਇਕ ਅਤੇ ਮਿਹਨਤੀ ਸਨ। ਉਹ ਥੱਪੜ ਜਾਂ ਡੰਡੇ ਨਾਲ ਤਾਂ ਕਦੇ-ਕਦਾਈਂ ਹੀ ਮੁਰੰਮਤ ਕਰਦੇ ਸਨ ਪਰ ਉਹਨਾਂ ਦੀਆਂ ਬੰਬ ਧਮਾਕੇ ਵਰਗੀਆਂ ਝਿੜਕਾਂ ਹੀ ਸਾਡਾ ਪਸੀਨਾਂ ਕੱਢ ਦਿੰਦੀਆਂ ਸਨ।

ਧਰੌੜਾਂ ਪਿੰਡ ਦੇ ਮਾਸਟਰ ਸੁਦਾਗਰ ਸਿੰਘ ਜੀ ਵੱਲੋਂ ਪੈਂਦੀ ਕੁੱਟ ਦਾ ਖੜਕਾ ਤਾਂ ਕੁੱਝ ਜਿਆਦਾ ਹੀ ਹੁੰਦਾ ਸੀ। ਉਹਨਾਂ ਦਾ ਕੱਦ ਦਰਮਿਆਨਾ ਅਤੇ ਦਾੜ੍ਹੀ ਬੰਨ੍ਹ ਕੇ ਰੱਖਦੇ ਸਨ। ਨੌਵੀਂ ਅਤੇ ਦਸਵੀਂ ਜਮਾਤ ਵਿੱਚ ਸਾਨੂੰ ਅੰਗਰੇਜ਼ੀ ਦਾ ਵਿਸ਼ਾ ਉਹਨਾਂ ਨੇ ਹੀ ਪੜ੍ਹਾਇਆ ਸੀ। ਉਹ ਬਹੁਤ ਮਿਹਨਤੀ ਅਤੇ ਡਸਿਪਲਨ ਦੇ ਪਾਬੰਦ ਸਨ। ਉਹਨਾਂ ਦਾ ਅੰਗਰੇਜ਼ੀ ਪੜ੍ਹਾਉਣ ਦਾ ਤਰੀਕਾ ਬੇਹੱਦ ਵਧੀਆ ਸੀ। ਜਿਹੜਾ ਵਿਦਿਆਰਥੀ ਵਾਰ-ਵਾਰ ਚਿਤਾਵਨੀਆਂ ਦੇਣ ਦੇ ਬਾਵਜੂਦ ਵੀ ਹੋਮ-ਵਰਕ ਨਾ ਕਰਦਾ ਜਾਂ ਨਾ ਪੜ੍ਹਦਾ ਤਾਂ ਉਹਨਾਂ ਗੁੱਸੇ 'ਚ ਆ ਕੇ ਕਹਿਣਾ ਉੱਲੂ ਦਿਆ ਪੱਠਿਆ ਤੂੰ ਨੀ ਪੜ੍ਹਦਾ, ਨਾਲ ਹੀ ਡੰਡਾ ਜਾਂ ਪੋਲੀ ਜਿਹੀ ਹਾਕੀ ਢੂਹੀ (ਪਿੱਠ) ਜਾਂ ਮੌਰਾਂ 'ਚ ਵੱਜਦੀ ਸੀ। ਸੱਟ ਭਾਵੇਂ ਬਹੁਤੀ ਵੱਜੇ ਜਾਂ ਨਾ ਵੱਜੇ ਪਰ ਉੱਚੀ ਦੇ ਕੇ ਮੂੰਹ 'ਚੋਂ ਇਹ ਜ਼ਰੂਰ ਨਿਕਲਦਾ ਸੀ ਮਾਸਟਰ ਜੀ ਸੱਟ ਲਗਦੀ ਆ ਜੀ, ਹੌਲੀ ਮਾਰੋ ਜੀ, ਅੱਜ ਛੱਡਦੋ ਜੀ, ਕੱਲ੍ਹ ਤੋਂ ਪੜ੍ਹਾਈ ਕਰੂੰਗਾ ਜੀ, ਭਾਵੇਂ ਲਿਖ ਕੇ ਲੈ ਲੋ ਜੀ। ਦਸਵੀਂ ਕਲਾਸ ਵਿੱਚ ਬੋਰਡ ਦੇ ਫਾਈਨਲ ਪੇਪਰਾਂ ਤੋਂ ਚਾਰ ਕੁ ਮਹੀਨੇ ਪਹਿਲਾਂ ਹੀ ਸਾਰੇ ਵਿਦਿਆਰਥੀਆਂ ਨੂੰ ਸਕੂਲ ਦੇ ਹੋਸਟਲ ਵਿੱਚ ਰੱਖਣਾ ਸ਼ੁਰੂ ਕਰ ਦਿੰਦੇ ਸਨ। ਆਪ ਵੀ ਚਾਰ ਮਹੀਨੇ ਰਾਤ ਨੂੰ ਸਕੂਲ ਵਿੱਚ ਹੀ ਰਹਿੰਦੇ ਸਨ। ਉਹਨਾਂ ਦੇ ਨਾਲ ਸਾਇੰਸ ਮਾਸਟਰ ਭੁਪਿੰਦਰ ਸਿੰਘ ਜੀ ਵੀ ਸਕੂਲ ਵਿੱਚ ਹੀ ਰਹਿੰਦੇ ਸਨ ਅਤੇ ਸਵੇਰੇ ਸਕੂਲ ਟਾਇਮ ਤੋਂ ਪਹਿਲਾਂ ਸਾਇੰਸ ਪੜ੍ਹਾਉਂਦੇ ਸਨ।

ਮਾਸਟਰ ਸੁਦਾਗਰ ਸਿੰਘ ਜੀ ਸ਼ਾਮ ਨੂੰ ਸਕੂਲ ਦੇ ਗੁਰਦੁਵਾਰਾ ਸਾਹਿਬ ਵਿੱਚ ਮਿੱਟੀ ਦੇ ਤੇਲ ਨਾਲ ਜਲ਼ਣ ਵਾਲੇ ਲੈਂਪਾਂ ਤੇ ਲਾਲਟੈਣਾਂ ਦੇ ਚਾਨਣੇ ਪਹਿਲਾਂ ਰਹਿਰਾਸ ਸਾਹਿਬ ਦਾ ਪਾਠ ਕਰਵਾਉਂਦੇ ਅਤੇ ਫਿਰ ਇੱਕ ਘੰਟਾ ਅੰਗਰੇਜ਼ੀ ਪੜ੍ਹਾਉਂਦੇ ਸਨ। ਤੜਕੇ ਚਾਰ ਕੁ ਵਜੇ ਹੋਸਟਲ 'ਚ ਆ ਕੇ ਸਾਰਿਆਂ ਨੂੰ ਖੁਦ ਆਪ ਜਗਾਉਂਦੇ ਸਨ। ਆਪ ਇਸ਼ਨਾਨ ਆਦਿ ਕਰਨ ਉਪਰੰਤ ਫਿਰ ਦੁਬਾਰਾ ਚੁੱਪ-ਚੁਪੀਤੇ ਦੱਬੇ ਪੈਰੀਂ ਬਿਨਾਂ ਖੜਕਾ ਕੀਤਿਆਂ ਸਾਰਿਆਂ ਦੇ ਕਮਰਿਆਂ ਵਿੱਚ ਜਾਂਦੇ। ਜਿਸ ਵਿਦਿਆਰਥੀ ਨੂੰ ਰਜਾਈ ਦੇ ਨਿੱਘ ਕਾਰਨ ਬੈਠੇ-ਬੈਠੇ ਨੀਂਦ ਆ ਜਾਣੀ, ਬਿਨਾਂ ਬੋਲਿਆਂ ਪੋਲੀ ਜਿਹੀ ਹਾਕੀ ਰਜਾਈ ਦੇ ਉੱਪਰ ਹੀ ਉਸਦੇ ਮੌਰਾਂ 'ਚ ਵੱਜਦੀ ਸੀ। ਹਾਕੀ ਇੱਕ ਦੇ ਵੱਜਦੀ ਸੀ, ਰਜਾਈ 'ਤੇ ਵੱਜਣ ਕਰਕੇ ਖੜਕੇ ਨਾਲ ਦੂਜੇ ਕਮਰਿਆਂ 'ਚ ਰਹਿਣ ਵਾਲੇ ਵਿਦਿਆਰਥੀਆਂ ਦੀ ਸੁਸਤੀ ਵੀ ਉੱਡ ਜਾਂਦੀ ਸੀ। ਉਹ ਵਿਦਿਅਰਥੀਆਂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੇ ਸਨ ਅਤੇ ਉਹਨਾਂ ਦਾ ਭਵਿੱਖ ਰੋਸ਼ਨ ਦੇਖਣਾ ਚਾਹੁੰਦੇ ਸਨ। ਪਰ ਇਹ ਨੇਕ, ਦਰਵੇਸ਼ ਅਤੇ ਬੇਹੱਦ ਮਿਹਨਤੀ ਅਧਿਆਪਕ ਹੋਰ ਜ਼ਿਆਦਾ ਸਮਾਂ ਵਿਦਿਆਰਥੀਆਂ ਨੂੰ ਰੁਸ਼ਨਾਈ ਨਾ ਦੇ ਸਕਿਆ। ਤਕਰੀਬਨ 52 ਕੁ ਸਾਲ ਦੀ ਉਮਰ ਵਿੱਚ ਛੇ ਜੁਲਾਈ 1975 ਨੂੰ ਦੁਪਹਿਰੇ ਢਾਈ ਕੁ ਵਜੇ ਸਕੂਟਰ 'ਤੇ ਸਕੂਲ ਤੋਂ ਧਰੌੜਾਂ ਨੂੰ ਜਾਣ ਸਮੇਂ ਜੀ.ਟੀ. ਰੋਡ 'ਤੇ ਬੱਸ ਨਾਲ ਐਕਸੀਡੈਂਟ ਹੋ ਗਿਆ। ਤਨੋ-ਮਨੋ ਵਿੱਦਿਆ ਦਾ ਨੂਰ ਵਖੇਰਦਾ ਇਹ ਮਹਾਨ ਅਧਿਆਪਕ ਸਦਾ ਲਈ ਅਸਹਿ ਵਿਛੋੜਾ ਦੇ ਗਿਆ। ਉਹਨਾਂ ਦੀ ਮੌਤ ਦੀ ਖ਼ਬਰ ਨਾਲ ਸਾਰਾ ਇਲਾਕਾ ਹੀ ਸੋਗ ਵਿੱਚ ਡੁੱਬ ਗਿਆ ਸੀ।ਮਾਸਟਰ ਸੁਦਾਗਰ ਸਿੰਘ ਜੀ ਸਮਾਜ ਲਈ ਇੱਕ ਚਾਨਣ ਮੁਨਾਰਾ ਸਨ ਜਿਹਨਾਂ ਨੇ ਮੇਰੇ ਵਰਗੇ ਸੈਂਕੜੇ ਵਿਦਿਆਰਥੀਆਂ ਦੇ ਭਵਿੱਖ ਸੁਆਰੇ। ਉਹਨਾਂ ਦੀਆਂ ਸ਼ਖਸੀਅਤਾਂ ਨੂੰ ਤਰਾਸ਼ਿਆ ਤੇ ਨਿਖਾਰਿਆ। ਅੱਲ੍ਹੜ ਉਮਰ ਵਿੱਚ ਜ਼ਿਆਦਾਤਰ ਬੱਚਿਆਂ ਦੀ ਸੋਚ ਪ੍ਰੌੜ੍ਹ ਨੀ ਹੋਈ ਹੁੰਦੀ। ਇਸ ਲਈ ਜੇ ਕਰ ਬੱਚੇ ਦੀ ਭਲਾਈ ਹਿੱਤ ਅਧਿਆਪਕ ਉਸਨੂੰ ਸਜ਼ਾ ਦਿੰਦੇ ਵੀ ਹਨ ਤਾਂ ਮਾਤਾ-ਪਿਤਾ ਨੂੰ ਮੋਹ ਵੱਸ ਹੋ ਕੇ ਅਧਿਆਪਕਾਂ ਨੂੰ ਨਿੰਦਣਾ ਨਹੀਂ ਚਾਹੀਦਾ। ਸਗੋਂ ਬੱਚਿਆਂ ਨੂੰ ਅਧਿਆਪਕਾਂ ਦਾ ਸਤਿਕਾਰ ਕਰਨਾ ਸਿਖਾਉਣਾ ਚਾਹੀਦਾ ਹੈ ਜੋ ਕਿ ਨਰੋਏ ਸਮਾਜ ਦੀ ਸਿਰਜਣਾ ਲਈ ਬੇਹੱਦ ਜਰੂਰੀ ਹੈ। ਸਮਾਂ ਬਦਲ ਗਿਆ ਹੈ। ਵਿਦਿਆ ਦੇ ਪਸਾਰ ਕਾਰਨ ਅੱਜ ਕੱਲ ਬਹੁਗਿਣਤੀ ਮਾਤਾ-ਪਿਤਾ ਪੜ੍ਹੇ-ਲਿਖੇ ਹੋ ਗਏ ਹਨ। ਇਸ ਕਰਕੇ ਅਧਿਆਪਕਾਂ ਵੱਲੋਂ ਵੀ ਵਿਦਿਆਰਥੀਆਂ ਦੇ ਮਾਤਾ-ਪਿਤਾ ਨਾਲ ਹਰ ਮਹੀਨੇ ਜਾਂ ਦੋ ਮਹੀਨੇ ਬਾਅਦ ਮੀਟਿੰਗ ਕਰਨੀ ਚਾਹੀਦੀ ਹੈ ਤਾਂ ਕਿ ਆਪ ਸਜ਼ਾ ਦੇਣ ਨਾਲੋਂ ਮਾਂ-ਪਿਓ ਦੇ ਸਿਰ ਕੁੱਝ ਜ਼ਿੰਮੇਵਾਰੀ ਪਾਈ ਜਾ ਸਕੇ।

------ ਪੁਸਤਕ ਚਰਚਾ ------

# ਬਾਲ-ਮਨ ਦੀ ਬਾਤ ਪਾਉਂਦੀ ਹੈ ਗੁਰਦੀਸ਼ ਕੌਰ ਗਰੇਵਾਲ ਦੀ ਪੁਸਤਕ - ਆ ਨੀ ਚਿੜੀਏ



- ਜਸਵਿੰਦਰ ਸਿੰਘ ਰੁਪਾਲ




ਗੁਰਦੀਸ਼ ਕੌਰ ਗਰੇਵਾਲ ਪੰਜਾਬੀ ਸਾਹਿਤ ਵਿੱਚ ਜਾਣਿਆ ਪਛਾਣਿਆ ਨਾਂ ਹੈ। ਉਹ ਹੁਣ ਤੱਕ ਸੱਤ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ- ਜਿਹਨਾਂ ਵਿਚ ਕਵਿਤਾਵਾਂ, ਧਾਰਮਿਕ ਗੀਤ, ਗ਼ਜ਼ਲਾਂ, ਦੋਹੇ ਅਤੇ ਨਿਬੰਧ ਆਦਿ ਹਨ। ਹਥਲੀ ਪੁਸਤਕ ਆ ਨੀ ਚਿੜੀਏਇਹਨਾਂ ਦੀ ਬਾਲ ਕਵਿਤਾਵਾਂ ਦੀ ਪੁਸਤਕ ਹੈ। ਇਸ ਵਿੱਚ ਛੋਟੀਆਂ ਛੋਟੀਆਂ 28 ਕਵਿਤਾਵਾਂ ਹਨ। ਇਹ ਕਵਿਤਾਵਾਂ ਸਾਰੀਆਂ ਦੀਆਂ ਸਾਰੀਆਂ ਬੱਚਿਆਂ ਦੇ ਯਾਦ ਹੋ ਜਾਣ ਵਾਲੀਆਂ ਹਨ।ਬੱਚਿਆਂ ਲਈ ਲਿਖਣਾ ਸੌਖਾ ਕਾਰਜ ਨਹੀਂ ਹੁੰਦਾ। ਇਸ ਲਈ ਤਬੀਅਤ ਵਿੱਚ ਬਚਪਨਾ ਅਤੇ ਤਰਲਤਾ ਦਾ ਹੋਣਾ ਜਰੂਰੀ ਹੈ। ਬੱਚਿਆਂ ਨੂੰ ਪਿਆਰ ਕਰਨ ਵਾਲਾ ਵਿਅਕਤੀ ਹੀ ਇਹ ਕੰਮ ਕਰ ਸਕਦਾ ਹੈ।

ਗੁਰਦੀਸ਼ ਕੌਰ ਨੇ ਬੱਚਿਆਂ ਦੀ ਮਾਨਸਿਕਤਾ ਨੂੰ ਸਮਝਦਿਆਂ ਹੋਇਆਂ ਬੱਚਿਆਂ ਦੇ ਪਸੰਦੀਦਾ ਵਿਸ਼ੇ ਚੁਣੇ ਹਨ। ਛੋਟੇ ਬੱਚਿਆਂ ਨੂੰ ਆਪਣੇ ਆਲੇ ਦੁਆਲੇ ਦੇ ਪਦਾਰਥਾਂ ਨਾਲ ਬੜਾ ਮੋਹ ਹੁੰਦਾ ਏ ਅਤੇ ਉਹ, ਆਪਣੇ ਨੇੜੇ ਦੇ ਰਿਸ਼ਤੇਦਾਰ ਜਿਵੇਂ- ਮੰਮੀ ਡੈਡੀ, ਦਾਦਾ ਦਾਦੀ ਆਦਿ ਨਾਲ ਜਾਂ ਉਹਨਾਂ ਬਾਰੇ ਗੱਲ ਕਰਕੇ ਜਾਂ ਸੁਣ ਕੇ ਉਹ ਆਨੰਦ ਮਹਿਸੂਸ ਕਰਦੇ ਹਨ। ਇਸ ਵਿੱਚ ਜਿੱਥੇ- ਚਿੜੀ, ਫੁੱਲ, ਤਿਤਲੀ, ਰੁੱਖ,ਚੰਦ ਤਾਰੇ, ਧਰਤੀ ਮਾਂ, ਮੀਂਹ, ਬਸੰਤ ਰੁੱਤ, ਆਦਿ ਬਾਰੇ ਕਵਿਤਾਵਾਂ ਹਨ- ਉੱਥੇ ਮੇਰੇ ਮੰਮੀ, ਦਾਦਾ ਦਾਦੀ, ਮੇਰੇ ਡੈਡੀ, ਮਾਮੇ ਦਾ ਵਿਆਹ ਵਰਗੀਆਂ ਕਵਿਤਾਵਾਂ ਰਾਹੀਂ, ਬੱਚਿਆਂ ਦੇ ਦਿਲ ਤੋਂ ਨੇੜੇ ਵਿਅਕਤੀਆਂ ਦੀ ਗੱਲ ਵੀ ਕੀਤੀ ਹੈ। ਬੱਚਿਆਂ ਨੂੰ ਨੈਤਿਕ ਸਿੱਖਿਆ ਦੇਣਾ, ਪੰਜਾਬੀ ਬੋਲੀ ਨਾਲ ਅਤੇ ਆਪਣੇ ਵਿਰਸੇ ਨਾਲ ਜੋੜਨਾ ਅਤੇ ਉਹਨਾਂ ਦੇ ਸਵੈ-ਵਿਸ਼ਵਾਸ਼ ਨੂੰ ਬਣਾਈ ਰੱਖਣਾ ਵੀ, ਲੇਖਕਾ ਨੇ ਆਪਣਾ ਮਨੋਰਥ ਸਮਝਿਆ ਹੈ। ਇਸੇ ਲਈ ਉਹ- ਬੀਬਾ ਰਾਣਾ, ਨੰਨ੍ਹੀ ਪਰੀ, ਮੈਂ ਹਾਂ ਫਤਹਿ ਸਿੰਘ, ਮੈਂ ਹਾਂ ਨੂਰ ਕੌਰ ਵਰਗੀਆਂ ਕਵਿਤਾਵਾਂ ਰਾਹੀਂ ਹਲਕੇ ਹਲਕੇ ਅੰਦਾਜ਼ ਵਿਚ ਨੈਤਿਕ ਗੁਣ ਵੀ ਸਿਖਾਉਂਦੀ ਹੈ। ਸਾਡੀ ਖੇਤੀ, ਕਿਤਾਬਾਂ, ਜਨਮ ਦਿਨ, ਮੇਰਾ ਪਿਆਰਾ ਜਹਾਜ, ਮੇਰੀ ਟਰੌਫੀ, ਮੇਰਾ ਸਾਈਕਲ ਆਦਿ ਕਵਿਤਾਵਾਂ ਰਾਹੀਂ- ਬੱਚਿਆਂ ਦੇ ਖੇਡਣ ਅਤੇ ਪੜ੍ਹਨ ਦੇ ਵਿਕਾਸ ਵੱਲ ਇਸ਼ਾਰਾ ਕਰਦੀਆਂ ਹਨ।ਆਓ ਪੰਜਾਬੀ ਸਿੱਖੀਏ ਕਵਿਤਾ ਇਸ ਪੁਸਤਕ ਦੀ ਉੱਤਮ ਕਵਿਤਾ ਆਖੀ ਜਾ ਸਕਦੀ ਹੈ ਕਿਉਂਕਿ ਇਸ ਵਿੱਚ ਪੰਜਾਬੀ ਅੱਖਰਾਂ ਦੀ ਬਣਤਰ ਨੂੰ ਸੌਖਿਆਂ ਕਰਕੇ ਸਮਝਾਇਆ ਗਿਆ ਹੈ। ਉਹ ਖੁਦ ਇਸ ਸਮੇ ਕੈਲਗਰੀ ਵਿੱਚ ਰਹਿੰਦੇ ਹਨ ਅਤੇ ਵਿਦੇਸ਼ੀ ਧਰਤੀ ਤੇ ਜੰਮੇ ਪਲੇ ਬਚਿਆਂ ਨੂੰ ਪੰਜਾਬੀ ਸਿਖਾਉਣ ਲਈ, ਬਹੁ ਯਤਨਾਂ ਦੀ ਲੋੜ ਨੂੰ ਉਹ ਖ਼ੂਬ ਮਹਿਸੂਸਦੇ ਹਨ।

ਇਸ ਤਰਾਂ ਸਮੁੱਚੇ ਰੂਪ ਵਿੱਚ ਬੱਚਿਆਂ ਦੇ ਮਨੋਵਿਗਿਆਨਕ ਪੱਖ ਨੂੰ ਮੁੱਖ ਰੱਖ ਕੇ ਲਿਖੀ ਇਹ ਪੁਸਤਕ ਬੱਚਿਆਂ ਨੂੰ ਡਾਢੀ ਪਸੰਦ ਆਏਗੀ। ਰੰਗ ਬਰੰਗੇ ਪੰਨਿਆਂ ਤੇ ਕਵਿਤਾ ਨਾਲ ਢੁੱਕਦੀਆਂ ਰੰਗਦਾਰ ਤਸਵੀਰਾਂ ਨੇ ਪੁਸਤਕ ਨੂੰ ਹੋਰ ਵੀ ਚਾਰ ਚੰਨ ਲਗਾ ਦਿੱਤੇ ਹਨ। ਕਵਿੱਤਰੀ ਚਿੜੀ ਨਾਲ ਗੱਲ ਕਰਦੇ ਹੋਏ ਛੋਟੇ ਬਾਲਾਂ ਵਾਂਗ ਖੁਦ ਵੀ ਅੰਬਰ ਤੇ ਉਡਾਰੀਆਂ ਲਾਉਣਾ ਲੋਚਦੀ ਹੈ--

ਸਾਡਾ ਵੀ ਜੀਅ ਕਰਦਾ,
ਤੇਰੇ ਨਾਲ ਉਡਾਰੀ ਲਾਈਏ।
ਰਲ਼ ਕੇ ਨੱਚੀਏ ਰਲ਼ ਕੇ ਟੱਪੀਏ,
ਗੀਤ ਖੁਸ਼ੀ ਦੇ ਗਾਈਏ।
ਦੀਸ਼ ਨੂੰ ਵੀ ਰੱਬ ਜੇ ਦੇ ਦਿੰਦਾ,
ਤੇਰੇ ਵਰਗੇ ਪਰ ਨੀ।
ਆ ਨੀ ਚਿੜੀਏ ਬਹਿ ਨੀ ਚਿੜੀਏ,
ਆ ਜਾ ਸਾਡੇ ਘਰ ਨੀ...

ਇਸ ਬਾਲ-ਪੁਸਤਕ ਦਾ ਸਵਾਗਤ ਕਰਦੇ ਲੇਖਿਕਾ ਤੋਂ ਹੋਰ ਵਧੇਰੇ ਬਾਲ-ਸਾਹਿਤ ਰਚਣ ਦੀ ਉਮੀਦ ਕਰਦੇ ਹਾਂ।

# ਬੜੀ ਔਖੀ ਹੈ ਜੰਗ ਦੀ ਲਾਈਵ ਕਵਰੇਜ



ਪ੍ਰੋ. ਕੁਲਬੀਰ ਸਿੰਘ

ਇਸਰਾਈਲ ਅਤੇ ਹਮਾਸ ਦਰਮਿਆਨ ਚਲ ਰਹੀ ਜੰਗ ਦੌਰਾਨ ਹੁਣ ਤੱਕ 15 ਪੱਤਰਕਾਰਾਂ ਦੀ ਮੌਤ ਹੋ ਚੁੱਕੀ ਹੈ। ਦੋ ਲਾਪਤਾ ਹਨ ਅਤੇ 20 ਦੇ ਕਰੀਬ ਜ਼ਖ਼ਮੀ ਹਨ। ਪੱਤਰਕਾਰਾਂ ਦੇ ਹੱਕਾਂ ਹਿੱਤਾਂ ਦੀ ਗੱਲ ਕਰਨ ਵਾਲੀ ਇਕ ਵੈੱਬਸਾਈਟ ਨੇ ਇਹ ਜਾਣਕਾਰੀ ਨਸ਼ਰ ਕੀਤੀ ਹੈ।

ਦੁਨੀਆਂ ਭਰ ਦੇ ਪੱਤਰਕਾਰ ਗਾਜ਼ਾ ਪੱਟੀ ਤੋਂ ਲਾਈਵ ਕਵਰੇਜ ਭੇਜ ਰਹੇ ਹਨ। ਅਜਿਹਾ ਕਰਦੇ ਵਕਤ ਉਹ ਖ਼ੁਦ ਦੀ ਜ਼ਿੰਦਗੀ ਨੂੰ ਵੱਡੇ ਖ਼ਤਰੇ ਵਿਚ ਪਾ ਲੈਂਦੇ ਹਨ। ਸੰਕਟ ਦੇ ਇਸ ਸਮੇਂ ਦੌਰਾਨ ਆਪਣੀ ਡਿਊਟੀ ਨਿਭਾਉਂਦਿਆਂ ਉਹ ਮਹੱਤਵਪੂਰਨ ਕਾਰਜ ਕਰ ਰਹੇ ਹਨ।

14 ਅਕਤੂਬਰ ਨੂੰ ਇਕ ਵੀਡੀਓ ਗ੍ਰਾਫਰ ਦੀ ਮੌਤ ਹੋ ਗਈ। ਜਦੋਂ ਇਕ ਗੋਲਾ ਅਚਾਨਕ ਉਸ @ਤੇ ਆਣ ਡਿੱਗਾ। ਜਿਵੇਂ ਛੁਡਾਉਣ ਵਾਲੇ ਨੂੰ ਦੋਵਾਂ ਪਾਸਿਆਂ ਤੋਂ ਪੈਂਦੀਆਂ ਹਨ। ਜੰਗ ਵਿਚ ਪੱਤਰਕਾਰ ਦੀ ਹਾਲਤ ਵੀ ਇਹੀ ਹੁੰਦੀ ਹੈ। ਅਲਜ਼ਜ਼ੀਰਾ ਦਾ ਕੈਮਰਾਮੈਨ ਏਲੀ ਬ੍ਰਾਖਿਆ ਅਤੇ ਪੱਤਰਕਾਰ ਕਾਰਮੈੱਨ ਜੋਖਾਦਾਰ ਜ਼ਖ਼ਮੀ ਹੋ ਗਏ ਹਨ। ਫਰਾਂਸ ਦੀ ਖ਼ਬਰ ਏਜੰਸੀ ਏ.ਐਫ਼.ਪੀ. ਦੇ ਦੋ ਫ਼ੋਟੋਗ੍ਰਾਫਰ ਕ੍ਰਿਸਟੀਨਾ ਐਸੀ ਅਤੇ ਵੀਡੀਓ ਪੱਤਰਕਾਰ ਡਾਇਲਾਨ ਕੌਲਿਨਜ਼ ਵੀ ਜ਼ਖ਼ਮੀਆਂ ਵਿਚ ਸ਼ਾਮਲ ਹਨ। ਬੀ.ਬੀ.ਸੀ. ਨੇ ਦਾਅਵਾ ਕੀਤਾ ਹੈ ਕਿ ਉਸਦੇ ਪੱਤਰਕਾਰਾਂ ਨਾਲ ਕੁੱਟਮਾਰ ਕੀਤੀ ਗਈ ਹੈ। ਅਜਿਹੇ ਸੰਕਟ ਸਮੇਂ ਦੁਨੀਆਂ ਭਰ ਵਿਚੋਂ ਮੀਡੀਆ ਕਰਮਚਾਰੀ, ਅਧਿਕਾਰੀ ਅੰਤਰ-ਰਾਸ਼ਟਰੀ ਨਿਯਮ-ਕਾਨੂੰਨ ਤਹਿਤ ਪ੍ਰਵਾਨਗੀ ਲੈਣ ਉਪਰੰਤ ਜੰਗ ਦੀ ਕਵਰੇਜ ਲਈ ਪਹੁੰਚਦੇ ਹਨ। ਅਚਨਚੇਤ ਹਮਲੇ ਦੀ ਲਪੇਟ ਵਿਚ ਆ ਜਾਣਾ ਤਾਂ ਸਮਝ ਆਉਂਦਾ ਹੈ ਪਰੰਤੂ ਕੁੱਟਮਾਰ ਦੀ, ਵਧੀਕੀਆਂ ਦੀ, ਕਵਰੇਜ ਤੋਂ ਰੋਕਣ ਦੀ ਗੱਲ ਸਮਝ ਤੋਂ ਬਾਹਰ ਹੈ। ਓਧਰ ਸੋਸ਼ਲ ਮੀਡੀਆ ਤੇ ਜੰਗ ਦੇ ਸਬੰਧ ਵਿਚ ਜਾਅਲੀ ਖ਼ਬਰਾਂ ਅਤੇ ਗ਼ਲਤ ਜਾਣਕਾਰੀ ਦਾ ਹੜ੍ਹ ਆਇਆ ਹੋਇਆ ਹੈ। ਨਤੀਜੇ ਵਜੋਂ ਦੁਨੀਆਂ ਭਰ ਦੇ ਲੋਕਾਂ ਲਈ ਅਸਲੀਅਤ ਨੂੰ ਸਮਝਣਾ ਅਤੇ ਜ਼ਮੀਨੀ ਹਕੀਕਤ ਬਾਰੇ ਜਾਨਣਾ ਮੁਸ਼ਕਲ ਹੋ ਗਿਆ ਹੈ। ਕਿਹੜੀ ਤਸਵੀਰ, ਕਿਹੜੀ ਵੀਡੀਓ ਅਸਲੀ ਹੈ ਅਤੇ ਕਿਹੜੀ ਫ਼ਰਜ਼ੀ ਤੱਤਫਟ ਨਿਖੇੜਾ ਤੇ ਨਿਤਾਰਾ ਕਰਨਾ ਕਠਿਨ ਹੋ ਗਿਆ ਹੈ। ਦੁਨੀਆਂ ਭਰ ਦਾ ਮੀਡੀਆ ਵੀ ਆਪੋ ਆਪਣੇ ਮੁਲਕ ਦੇ ਜੰਗ ਪ੍ਰਤੀ ਨਜ਼ਰੀਏ ਅਨੁਸਾਰ ਕਵਰੇਜ ਕਰ ਰਿਹਾ ਹੈ। ਜਿਸਨੇ ਜਿਹੜਾ ਪੱਖ ਉਭਾਰਨਾ ਹੈ ਉਸਨੂੰ ਉਭਾਰ ਰਿਹਾ ਹੈ ਅਤੇ ਜਿਹੜਾ ਪਹਿਲੂ ਲੁਕਾਉਣਾ-ਛੁਪਾਉਣਾ ਹੈ ਉਸਨੂੰ ਲੁਕਾ ਛੁਪਾ ਰਿਹਾ ਹੈ।



ਜੰਗ ਹਮੇਸ਼ਾ ਮੀਡੀਆ ਲਈ ਆਕਰਸ਼ਨ ਦਾ ਕੇਂਦਰ ਰਹੀ ਹੈ ਕਿਉਂ ਕਿ ਇਸ ਨਾਲ ਲੋਕਾਂ ਦੇ ਹਿੱਤ ਜੁੜੇ ਹੁੰਦੇ ਹਨ। ਇਸ ਲਈ ਚਾਹੁੰਦੇ, ਨਾ ਚਾਹੁੰਦੇ ਵੀ ਅਖ਼ਬਾਰਾਂ, ਰੇਡੀਓ, ਟੇਲੀਵਿਜ਼ਨ, ਸੋਸ਼ਲ ਮੀਡੀਆ ਦੀ ਸ਼ਮੂਲੀਅਤ ਹੋ ਜਾਂਦੀ ਹੈ। ਇਸੇ ਲਈ ਲੜ੍ਹਾਈ ਦੌਰਾਨ ਮੀਡੀਆ ਦੀ ਭੂਮਿਕਾ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ। ਭਾਰਤੀ ਖ਼ਬਰ ਚੈਨਲ ਇਸ ਮਹੱਤਵ ਨੂੰ ਨਜ਼ਰ ਅੰਦਾਜ਼ ਕਰਦਿਆਂ ਦਰਸ਼ਕਾਂ ਅੱਗੇ ਲੜਾਈ ਹੀ ਪਰੋਸਣ ਲੱਗ ਜਾਂਦੇ ਹਨ ਅਤੇ ਓਨੀ ਦੇਰ ਪਰੋਸਦੇ ਰਹਿੰਦੇ ਹਨ ਜਦ ਤੱਕ ਦਰਸ਼ਕ ਮਿਲਦੇ ਰਹਿੰਦੇ ਹਨ। ਹਰੇਕ ਜੰਗ ਸਮੇਂ ਭਾਰਤੀ ਚੈਨਲਾਂ ਦੀ ਪਹੁੰਚ ਇਹੀ ਰਹੀ ਹੈ। ਅਰਥਾਤ ਜੰਗ ਨੂੰ ਵੀ ਦਰਸ਼ਕ-ਗਿਣਤੀ ਵਧਾਉਣ ਲਈ ਵਰਤਿਆ ਜਾਂਦਾ ਹੈ। ਇਹ ਵੀ ਸੱਚ ਹੈ ਕਿ ਕੋਈ ਵੀ ਦਰਸ਼ਕ ਜੰਗ ਦੇ ਕਰੂਰ ਦ੍ਰਿਸ਼ ਵੇਖਣੇ ਪਸੰਦ ਨਹੀਂ ਕਰਦਾ ਕਿਉਂ ਕਿ ਅਜਿਹੇ ਦ੍ਰਿਸ਼, ਅਜਿਹੀ ਵੀਡੀਓ ਵੇਖਣ ਨਾਲ ਵਿਅਕਤੀ ਦੇ ਤਨ-ਮਨ ਤੇ ਗਹਿਰੇ ਬੁਰੇ ਪ੍ਰਭਾਵ ਪੈਂਦੇ ਹਨ। ਯੁੱਧ ਦੇ ਕੁਝ ਅੰਤਰ-ਰਾਸ਼ਟਰੀ ਨਿਯਮ-ਕਾਨੂੰਨ ਹਨ। ਇਜਰਾਈਲ ਅਤੇ ਹਮਾਸ ਦੋਵੇਂ ਇਕ ਦੂਸਰੇ ਤੇ ਇਹ ਨਿਯਮ ਤੋੜਨ ਦੇ ਇਲਜ਼ਾਮ ਲਾ ਰਹੇ ਹਨ। ਇਸ ਸਥਿਤੀ ਵਿਚ ਕੌਮਾਂਤਰੀ ਮੀਡੀਆ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸਲੀਅਤ ਦੁਨੀਆਂ ਸਾਹਮਣੇ ਪੇਸ਼ ਕਰੇ। ਅਫ਼ਸੋਸ ਕਿ ਜੰਗ ਦੀ ਕਵਰੇਜ ਦੇ ਮੀਡੀਆ ਦੇ ਆਪਣੇ ਕੋਈ ਨਿਯਮ ਨਹੀਂ ਹਨ। ਜਦ ਕੋਈ ਦੇਸ਼ ਜੰਗ ਦੇ ਕੌਮਾਂਤਰੀ ਨਿਯਮ-ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਇਸਨੂੰ ਯੁੱਧ-ਅਪਰਾਧ ਦਾ ਨਾਂ ਦਿੱਤਾ ਜਾਂਦਾ ਹੈ। ਮੀਡੀਆ ਦਾ ਇਕ ਹਿੱਸਾ ਇਸ ਲੜਾਈ ਦੌਰਾਨ ਹੋ ਰਹੇ ਯੁੱਧ-ਅਪਰਾਧ ਦੀ ਗੱਲ ਵੀ ਕਰ ਰਿਹਾ ਹੈ। ਦਰਅਸਲ ਇਹ ਯੁੱਧ ਦਾ ਯੁੱਗ ਨਹੀਂ ਹੈ। ਜਿਵੇਂ ਦੋ ਮੁਲਕਾਂ ਦੇ ਲੋਕਾਂ ਤੇ ਜੰਗ ਥੋਪੀ ਜਾਂਦੀ ਹੈ ਇਵੇਂ ਨਿਊਜ਼ ਚੈਨਲਾਂ ਦੁਆਰਾ ਦਰਸ਼ਕਾਂ ਨੂੰ ਵੀ ਜਬਰਦਸਤੀ ਵਿਖਾਈ ਜਾਂਦੀ ਹੈ। ਇਕ ਜੰਗ ਦੋ ਦੇਸ਼ਾਂ ਦਰਮਿਆਨ ਲੜੀ ਜਾ ਰਹੀ ਹੁੰਦੀ ਹੈ, ਦੂਸਰੀ ਜੰਗ ਖ਼ਬਰ ਚੈਨਲ ਲੜ੍ਹ ਰਹੇ ਹੁੰਦੇ ਹਨ।ਕਿਸੇ ਵੀ ਜੰਗ ਦੌਰਾਨ ਭਾਰਤੀ ਖ਼ਬਰ ਚੈਨਲਾਂ ਦੀ ਕਵਰੇਜ ਸਮੇਂ ਸਿਰਲੇਖਾਂ ਦੀ ਭਾਸ਼ਾ ਹੈਰਾਨ-ਪ੍ਰੇਸ਼ਾਨ ਕਰਨ ਵਾਲੀ ਹੁੰਦੀ ਹੈ। ਇਵੇਂ ਮਹਿਸੂਸ ਹੋਣ ਲੱਗਦਾ ਹੈ ਜਿਵੇਂ ਚੈਨਲ ਜੰਗ ਨੂੰ ਭੜਕਾਉਣ, ਵਧਾਉਣ, ਉਕਸਾਉਣ ਦੀ ਲੜਾਈ ਲੜ੍ਹ ਰਹੇ ਹੋਣ। ਮਿਸਾਲ ਵਜੋਂ ਮਹਾਂਯੁੱਧ ਕੀ ਆਹਟ, ਬੜੇ ਐਕਸ਼ਨ ਕੀ ਤਿਆਰੀ, ਹੁੰਕਾਰ, ਖ਼ੂਨ ਸੇ ਸਨਾ ਇਤਿਹਾਸ, ਵਾਰ ਜ਼ੋਨ ਸੇ ਪਹਿਲੀ ਬਾਰ, ਜਹਾਂ ਗਿਰਾ ਬੰਬ ਵਹਾਂ ਸੇ ਲਾਈਵ, ਕਯਾ ਵਾਰ ਜ਼ੋਨ ਮੇਂ ਕੁਛ ਬੜਾ ਹੋਨੇ ਵਾਲਾ ਹੈ, ਲਾਲ ਹੁਈ ਗਾਜਾ ਕੀ ਜ਼ਮੀਨ, ਹਮਾਸ ਕੀ ਹਵਾ ਨਿਕਲ ਗਈ ਆਦਿ। ਜੰਗ ਬੇਹੱਦ ਗੰਭੀਰ ਤੇ ਸੰਵੇਦਨਸ਼ੀਲ ਮਾਮਲਾ ਹੈ। ਉਹੀ ਗੰਭੀਰਤਾ, ਉਹੀ ਸੰਵੇਦਨਸ਼ੀਲਤਾ ਮੀਡੀਆ-ਕਵਰੇਜ ਵਿਚੋਂ ਵੀ ਝਲਕਣੀ ਚਾਹੀਦੀ ਹੈ।ਜੰਗ ਵਿਚ ਗ਼ਲਤੀ ਕਿਸੇ ਇਕ ਵਿਅਕਤੀ, ਕਿਸੇ ਇਕ ਧਿਰ ਦੀ ਹੁੰਦੀ ਹੈ ਪਰੰਤੂ ਇਹ ਹਮੇਸ਼ਾ ਮਨੁੱਖ ਦੇ ਵਿਰੁੱਧ ਭੁਗਤਦੀ ਹੈ। ਮਨੁੱਖ ਦਾ ਘਾਣ ਹੁੰਦਾ ਹੈ। ਮਨੁੱਖੀ ਜੀਵਨ ਬਰਬਾਦ ਹੁੰਦਾ ਹੈ। ਘਰਾਂ ਦੇ ਘਰ ਸ਼ਹਿਰਾਂ ਦੇ ਸ਼ਹਿਰ ਤਬਾਹ ਹੋ ਜਾਂਦੇ ਹਨ। ਕੀ ਜੰਗ ਦੇ ਕੌਮਾਂਤਰੀ ਨਿਯਮ-ਕਾਨੂੰਨ ਇਸ ਸੱਭ ਦੀ ਆਗਿਆ ਦਿੰਦੇ ਹਨ?










# ਕੈਲਗਰੀ ਵਿਖੇ ਹੋਏ ਹਾਕਸ ਗੋਲਡ ਕੱਪ 2023 ਦੀਆਂ ਖ਼ਬਰ ਵਰਗੀਆਂ ਤਸਵੀਰਾਂ
































# ਐਡਮਿੰਟਨ ਅਤੇ ਟੌਰਾਂਟੋ ਵਿਚਲੇ ਸਮਾਗਮਾਂ ਦੌਰਾਨ ਪੰਜਾਬੀ ਗੀਤਕਾਰੀ ਦੇ ਖੋਜੀ ਅਸ਼ੋਕ ਬਾਂਸਲ ਮਾਨਸਾ ਦਾ ਸਨਮਾਨ ਹੋਇਆ










ਐਡਮਿੰਟਨ(ਪੰਜਾਬੀ ਅਖ਼ਬਾਰ ਬਿਊਰੋ) ਇਹਨੀ ਦਿਨੀ ਅਸ਼ੋਕ ਬਾਂਸਲ ਮਾਨਸਾ ਪੰਜਾਬੀ ਅਖ਼ਬਾਰ ਦੇ ਸੱਦੇ ਉੱਪਰ ਕਨੇਡਾ ਦੇ ਵੱਖੋ ਵੱਖ ਸਹਿਰਾਂ ਵਿੱਚ ਜਾਕੇ ਪੰਜਾਬੀ ਗੀਤਕਾਰੀ ਦੇ ਅਣਗੌਲੇ ਗੀਤਕਾਰਾਂ ਬਾਰੇ ਆਪਣੀ ਕਿਤਾਬ ਮਿੱਟੀ ਨੂੰ ਫਰੋਲ ਜੋਗੀਆ ਨਾਲ ਸਾਂਝ ਪਾ ਰਹੇ ਹਨ। ਐਡਮਿਮਟਨ ਵਿਖੇ ਸੁਖਦੇਵ ਧਨੋਆ, ਜਰਨੈਲ ਬਸੋਤਾ ,ਜੋਗਾ ਸਿੰਘ ਪੂਨੀਆ ,ਰਾਜਬੀਰ ਬਾਂਦੇਰ, ਆਰਤੀ ਵਰਮਾ ਅਤੇ ਸੰਦੀਪ ਪੰਧੇਰ ਹੋਰਾਂ ਦੇ ਸਹਿਯੋਗ ਨਾਲ ਪਰੋਗਰਾਮ ਉਲੀਕਿਆ ਗਿਆ। ਇਸ ਮੌਕੇ ਗੀਤ ਸੰਗੀਤ ਤੋਂ ਇਲਾਵਾ ਜਦੋਂ ਅਸ਼ੋਕ ਬਾਂਸਲ ਮਾਨਸਾ ਨੇ ਆਪਣੀ ਖੋਜ ਉੱਪਰ ਅਧਾਰਿਤ ਕਿਤਾਬ ਮਿੱਟੀ ਨੂੰ ਫਰੋਲ ਜੋਗੀਆ ਦੇ ਵਰਕੇ ਫਰੋਲੇ ਤਾਂ ਹਾਲ ਅੰਦਰ ਹਾਜਿਰ ਸਰੋਤੇ ਅਸ਼ ਅਸ਼ ਕਰ ਉੱਠੇ। ਐਮ ਪੀ ਟਿਮ ਉੱਪਲ ਅਤੇ ਐਮ ਐਲ ਏ ਜਸਵੀਰ ਦਿਉਲ ਵੱਲੋਂ ਅਸ਼ੋਕ ਬਾਂਸਲ ਨੂੰ ਵਿਸ਼ੇਸ਼ ਮਾਣ ਪੱਤਰ ਦੇਕੇ ਸਨਮਾਨਿਆ ਗਿਆ।

ਇਸੇ ਤਰਾਂ ਮਿਸੀਸਾਗਾ ਵਿਖੇ ਵੀ ਪੰਜਾਬੀ ਗੀਤਕਾਰੀ ਦੇ ਇਨਸਾਈਕਲੋਪੀਡੀਆ ਤੇ ਪ੍ਰਸਿੱਧ ਕਿਤਾਬ " ਮਿੱਟੀ ਨੂੰ ਫਰੋਲ ਜੋਗੀਆ "ਦੇ ਲੇਖਕ ਅਸ਼ੋਕ ਬਾਂਸਲ ਮਾਨਸਾ ਦਾ ਸਨਮਾਨ ਜਗਮੋਹਨ ਸੇਖੋਂ (ਜੇ ਸੇਖੋਂ) ਦੀ ਰੀਅਲ ਇਸਟੇਟ ਕੰਪਨੀ ਵਿੱਚ ਬਠਿੰਡਾ ਫਰੈਡਜ ਕਲੱਬ ਵੱਲੋ ਸੰਤ ਸਿੰਘ ਸੇਖੋਂ ਹਾਲ ਵਿੱਚ ਕੀਤਾ ਗਿਆ। ਪੰਜਾਬੀ ਭਾਸ਼ਾ ਦੇ ਕਨੇਡਾ ਵਿੱਚ ਆਲਮ ਬਰਦਾਰ ਇਕਬਾਲ ਮਾਹਿਲ ਨੇ ਨਿਵੇਕਲੇ ਢੰਗ ਨਾਲ ਸਾਹਿਤ ਬਾਰੇ ਜਾਣਕਾਰੀ ਸਾਂਝੀ ਕੀਤੀ ।ਚੜਦੇ ਤੇ ਲਹਿੰਦੇ ਪੰਜਾਬ ਤੋਂ ਉਹਨਾ ਦੇ ਖੋਜ ਕਾਰਜਾਂ ਦੀ ਜਾਣਕਾਰੀ ਨਾਲ ਅਸ਼ੋਕ ਬਾਂਸਲ ਨੂੰ ਹਾਜਰੀਨ ਦੇ ਰੂਬਰੂ ਕੀਤਾ । ਉੱਘੇ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨੇ ਤਰਕ ਤੇ ਪੰਜਾਬੀ ਸਾਹਿਤ ਤੇ ਅਹਿਮ ਜਾਣਕਾਰੀ ਦਿੱਤੀ । ਸਟੇਜ ਸਕੱਤਰ ਦੀ ਭੂਮਿਕਾ ਬਲਜਿੰਦਰ ਸੇਖਾ ਨੇ ਨਿਭਾਈ ਬਠਿੰਡਾ ਕਲੱਬ ਵੱਲੋ ਸਾਬਕਾ ਸਿਟੀ ਕੌਂਸਲਰ ਵਿੱਕੀ ਢਿੱਲੋਂ ,ਪਰਮਾਤਮਾ ਸਿੱਧੂ ,ਰਮਨ ਹਰਵਿੰਦਰ ਸਲਾਬਤਪੁਰਾ ,ਸਵਿੰਦਰ ਸਿੰਘ , ਨਿਰਮਲ ਸਿੰਘ ਸੇਖੋਂ ਮਹਿਰਾਜ,ਸ਼ਿੰਦਾ ਭੁੱਲਰ,ਪਰਵੇਜ ਢਿੱਲੋਂ,ਰੋਮੀ ਸਿੱਧੂ,ਜੱਸ਼ੀ ਭੁੱਲਰ ਆਦਿ ਸਾਮਿਲ ਸਨ । ਕਲੱਬ ਮੈਬਰਾਂ ਵੱਲੋ ਅਸ਼ੋਕ ਬਾਂਸਲ ਮਾਨਸਾ ਦਾ ਵਿਸ਼ੇਸ ਸਨਮਾਨ ਕੀਤਾ ਗਿਆ । ਉਹਨਾ ਦੀ ਕਿਤਾਬ ਮਿੱਟੀ ਨੂੰ ਫਰੋਲ ਜੋਗੀਆ ਦੀ ਖਰੀਦਦਾਰੀ ਮੌਕੇ ਹਾਜਰੀਨ ਵੱਲੋ ਭਰਪੂਰ ਹੁੰਗਾਰਾ ਦਿੱਤਾ ਗਿਆ।ਇੱਕ ਹੋਰ ਪਰੋਗਰਾਮ ਦੌਰਾਨ ਅਸੋਕ ਬਾਂਸਲ ਅਤੇ ਬਾਬਾ ਨਜਮੀ ਹੋਰੀ ਇੱਕੋ ਮੰਚ ਉੱਪਰ ਦੇਖੇ ਗਏ।

**facebook** ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਭਰਾਵਾ ਪਹਿਲਾਂ ਇਹ ਦੱਸ ਪਈ ਤੈਨੂੰ ਫੜੀਏ ਕਿੱਥੋ?

ਕ੍ਰਿਕਟ ਦਾ ਕੱਪ ਕੌਣ ਜਿੱਤੇਗਾ ? ਮੈਂ ਤੁਹਾਨੂੰ ਦੱਸਦਾ ਹਾਂ ਪਰ ਸਾਡੇ ਮਾਝੇ ਚ ਇੱਕ ਕਹਾਵਤ ਏ" ਅਖੇ ਢੱਗਿਆ ਤੈਨੂੰ ਚੋਰ ਲੈ ਜਾਣ ਤੇ ਢੱਗਾ ਅੱਗੋ ਕਹਿੰਦਾ ਭਾਵੇਂ ਚੋਰ ਲੈਅ ਜਾਵੇ ਭਾਵੇਂ ਸਾਧ ਯਾਰਾਂ ਤੇ ਬੱਸ ਪੱਠੇ ਖਾਣੇ ਨੇ!"

ਦੂਜੀ ਗੱਲ ਮੇਰੀ ਖੇਡਾਂ ਬਾਰੇ ਜਾਣਕਾਰੀ ਮੇਰੇ ਆਪਣੇ ਖੇਡ ਇਤਿਹਾਸ ਨੂੰ ਸੁਣ ਕੇ ਸਮਝ ਜਾਵੋਗੇ। ਬਹੁਤਾ ਵੱਡਾ ਇਤਿਹਾਸ ਨਹੀਂ ਬੜਾ ਮੁਖਤਰ ਜਿਹਾ ਹੈ। ਮੇਰੇ ਪਿਤਾ ਜੀ ਨੇ ਮੇਰਾ ਨਾਮ ਉਸ ਵੇਲੇ ਉਲੰਪਿਕ ਖੇਡ ਰਹੇ ਹਾਕੀ ਖਿਡਾਰੀ ਮੁਖਬੈਨ ਸਿੰਘ ਤੋਂ ਉਤਸਾਹਿਤ ਹੋ ਕੇ ਰੱਖਿਆ ਸੀ। ਜਦੋ ਥੋੜਾ ਜਿਹਾ ਹੋਸ਼ ਸੰਭਾਲਿਆ ਤਾਂ ਮੈਨੂੰ ਮੇਰੇ ਨਾਮ ਰੱਖਣ ਦੇ ਕਾਰਨ ਬਾਰੇ ਪਤਾ ਲੱਗਾ ਕਿ ਪਿਤਾ ਜੀ ਚਾਹੁੰਦੇ ਸਨ ਕੇ ਵੱਡਾ ਹੋ ਕੇ ਮੈਂ ਵੀ ਖੇਡਾਂ ਵਿੱਚ ਆਪਣਾ ਨਾਮ ਰੌਸਨ ਕਰਾਂ। ਸੋਚ ਕੇ ਮੈ ਵੀ ਗਰਾਊਡ ਚ ਗਿਆ ਹਾਕੀ ਖੇਡਣ ਲਈ ਗਿਆ। ਹਾਕੀ ਚੁੱਕੀ ਤੇ ਲੱਗਾ ਹਾਕੀ ਦਾ ਭਾਰ ਮੇਰੇ ਤੋ ਵੱਧ ਏ। ਮੈਂ ਹਾਕੀ ਛੱਡ ਕੇ ਘਰ ਦੌੜ ਗਿਆ।

ਮੁੰਡੇ ਕਬੱਡੀ ਖੇਡਦੇ ਸਨ ਤੇ ਮੈਂ ਅਕਸਰ ਬੈਠ ਕੇ ਵੇਖਦਾ। ਜ਼ਿਆਦਾ ਜੇਠ ਹਾੜ ਤੇ ਸਾਉਣ ਭਾਦੋਂ ਤੱਕ ਖੇਡਦੇ। ਮੁੜਕੇ ਤੇ ਮਿੱਟੀ ਚ ਭਰੇ ਦੋਸਤਾਂ ਨੂੰ ਖੇਡਦਿਆਂ ਦੇਖਦਾ। ਪਰ ਹਿੰਮਤ ਨਾ ਪੈਂਦੀ ਆਪ ਖੇਡਣ ਦੀ। ਧੋਲਾ ਧੱਫੇ ਜਾ ਕੈਂਚੀ ਪੈਂਦੀ ਵੇਖ ਕੇ ਆਪਣੀਆਂ ਖਾਹਿਸ਼ਾਂ ਨੂੰ ਅੰਦਰ ਦੱਬ ਲੈਂਦਾ ਆਪਣੇ ਸਰੀਰ ਵੱਲ ਵੇਖ ਕੇ। ਇੱਕ ਦਿਨ ਇੱਕ ਖਡਾਰੀ ਘੱਟ ਸੀ ਤੇ ਮੁੰਡਿਆਂ ਨੇ ਨਗ ਪੂਰਾ ਕਰਨ ਲਈ ਮੈਨੂੰ ਧੱਕੇ ਨਾਲ ਖੇਡਣ ਲਈ ਮਜਬੂਰ ਕਰ ਦਿੱਤਾ। ਵੱਡਾ ਸਾਰਾ ਕੱਛਾ ਪਇਆ ਸੀ ਤੇ ਕਾਗਤੀ ਭਲਵਾਨ ਵਾਂਗ ਖੌਰੂ ਪਾਉਦਾਂ ਸਿਰ ਪਿੰਡੇ ਤੇ ਮਿੱਟੀ ਸੁੱਟ ਲਈ ਦੂਸਰੇ ਮੁੰਡਿਆਂ ਵੱਲ ਵੇਖ ਕੇ। ਮੇਰੀ ਵਾਰੀ ਆਈ ਤੇ ਕੌਡੀ ਪਾਉਣ ਲਈ ਜਾਣ ਤੋਂ ਪਹਿਲਾਂ ਮੱਥੇ ਤੇ ਮਿੱਟੀ ਮਲ ਕੇ ਅੱਗੇ ਵਧਿਆ। ਜਾਂਦਿਆਂ ਹੀ ਬੋਚਿਆ ਗਿਆ। ਮੁੰਡੇ ਨੇ ਮੇਰਾ ਗਿੱਟਾ ਫੜ ਲਿਆ ਮੈਂ ਉੱਥੇ ਹੀ ਸਾਹ ਛੱਡ ਦਿੱਤਾ ਤੇ ਬੋਲਿਆ "ਗਿੱਟਾ ਨਈ ਫੜੀਦਾ ਪੈਰ ਚ ਮੋਚ ਆ ਜਾਂਦੀ ਏ। ਅਗਲੀ ਵਾਰ ਗੇੜੀ ਪਾਉਣ ਗਿਆ ਤਾਂ ਮੁੰਡੇ ਨੇ ਮੇਰਾ ਗੁੱਟ ਫੜ ਕੇ ਖਿੱਚ ਲਿਆ। ਮੈਂ ਓੱਥੇ ਹੀ ਸਾਹ ਛੱਡ ਦਿੱਤਾ ਤੇ ਬੋਲਿਆ" ਗੁੱਟ ਨਈ ਫੜੀਦਾ ਮੋਢਾ ਉੱਤਰ ਜਾਂਦਾ ਏ!" ਤੀਜੇ ਗੇੜੇ ਗਿਆ ਮੁੰਡੇ ਨੇ ਲੱਕੋਂ ਜੱਫਾ ਪਾ ਕੇ ਚੁੱਕ ਲਿਆ ਕੇ ਮੇਰੇ ਪੈਰ ਭੰਜੇ ਨਾ ਲੱਗਣ। ਮੈਂ ਬੋਲਿਆ ਲੱਕੋਂ ਜੱਫਾ ਨਈ ਮਾਰੀਦਾ ਲੱਕ ਨੂੰ ਚੁੱਕ ਪੈ ਜਾਂਦੀ ਏ" ਚੌਥਾ ਗੇੜਾ ਮਾਰਨ ਗਿਆ ਪਰ ਮੈਨੂੰ ਕਿਸੇ ਨਾ ਫੜਿਆ। ਢੇਰੀ ਤੇ ਆ ਕੇ ਆਪਣੇ ਨਾਂ ਮਾਲੂਮ ਜਿਹੇ ਪੱਟਾਂ ਤੇ ਹੱਥ ਮਾਰ ਕੇ ਬੋਲਿਆ" ਬੱਸ! ਫੜਿਆ ਨਈ ਜੱਟ ਨੂੰ? ਡਰ ਗਏ ਜੱਟ ਤੋ?"

ਅੱਗੋਂ ਮੁੰਡਾ ਬੋਲਿਆ ਭਰਾਵਾ ਪਹਿਲਾ ਇਹ ਦੱਸ ਪਈ ਤੈਨੂੰ ਫੜੀਏ ਕਿੱਥੋ? ਸਰੀਰ ਸਾਰਾ ਤੇ ਤੇਰਾ ਕੀਰਤਨ ਕਰਦਾ ਏ! ਜਿੱਥੋ ਫੜੀਏ ਡਰ ਲੱਗਦਾ ਏ ਸਾਲਾ ਹੱਥ ਚ ਈ ਨਾ ਰੈਅ ਜਾਵੇ!"

ਏਨਾ ਕੁ ਇਤਿਹਾਸ ਏ ਮੇਰਾ ਖੇਡਾਂ ਬਾਰੇ। ਬਾਕੀ ਭਾਈ ਸੌ ਗਜ ਰੱਸਾ ਤੇ ਸਿਰੇ ਤੇ ਗੰਢ! ਮੈਂ ਤਾਂ ਭਗਤਾ ਦੀ ਪੂਛ ਤੇ ਪੈਰ ਰੱਖਣ ਲਈ ਵਚਨ ਕੀਤਾ ਸੀ। ਕੀ ਕਰਾਂ ਸੰਤਾਂ ਨੇ ਮੂੰਹੋਂ ਬਚਨ ਕਰ ਦਿੱਤਾ ਹੈ ਤੇ ਸਾਧ ਵਚਨਾ ਦੇ ਪੱਕੇ! ਮਤਬਲ ਕੱਪ ਸਾਊਥ ਅਫਰੀਕਾ ਈ ਜਿੱਤੇਗਾ!


(ਭਾਊ ਮੂਖਬੈਨ ਸਿੰਘ ਦੀ ਫੇਸਬੁੱਕ ਉੱਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ )


# Invitation

**Global Pravasi Seniors Society** will be celebrating **Festival of Lights DIWALI – on 03 November 2023** at **Whitehorn Community Association**
**228 Whitehorn Rd NE,**
**Calgary, AB T1Y 6H5.**

This event is open to all seniors 55 years and above. The hall has a limited capacity of **110**, and seniors interested in attending this event are requested to register, first-come-first basis, for the same by phone, email or personally at Society's address.

**208 4656 Westwind's Dr NE**
**Calgary, AB T3J 3Z5.**

**Email address: satkaushal@gmail.com**

**Phone: 403 903 8500**

Issued by the President
Global Pravasi Seniors Society



ਬਲਵਿੰਦਰ ਕੌਰ ਬਰਾੜ
403 590 9629

## ਉਹ ਵੇਲਾ ਯਾਦ ਕਰ



# ਕੋਈ ਮਜਬੂਰੀ ਨਹੀਂ ਦਿਲ ਕਰੇ ਤਾਂ ਖ਼ਤ ਲਿਖੀਂ

**ਕੋਈ ਮਜਬੂਰੀ ਨਹੀਂ ਦਿਲ ਕਰੇ ਤਾਂ ਖ਼ਤ ਲਿਖੀਂ**
**ਰਿਸ਼ਤਿਆਂ ਦੀ ਭੀੜ 'ਚੋਂ ਫੁਰਸਤ ਮਿਲੇ ਤਾਂ ਖ਼ਤ ਲਿਖੀਂ।**
**ਮੇਰੀ ਬੰਜਰ ਖ਼ਾਕ ਨੂੰ ਖ਼ਾਬ ਤਕ ਆਉਣਾ ਨਹੀਂ**
**ਜਦ ਤੇਰੀ ਮਿੱਟੀ 'ਚ ਕੋਈ ਫੁੱਲ ਖਿੜੇ ਤਾਂ ਖ਼ਤ ਲਿਖੀਂ।** - ਜਗਤਾਰ

ਖ਼ਤ ਲਿਖਣ ਲੱਗੇ ਅਸੀਂ ਹੰਢਾਏ ਰਿਸ਼ਤਿਆਂ ਵਾਲੇ ਪਲਾਂ ਨੂੰ ਉਧੇੜ ਕੇ ਫੇਰ ਤੋਂ ਬੁਣਦੇ ਹਾਂ। ਇਹ ਹਰਫ਼ ਸਾਡੇ ਸੀਨੇ ਦਫ਼ਨ ਪੱਛੀਆਂ ਭਾਵਨਾਵਾਂ ਤੇ ਮਲ੍ਹਮ ਦਾ ਕੰਮ ਕਰਦੇ ਹਨ। ਪੰਜਾਬ ਦੇ ਪਾਣੀਆਂ ਵਾਲੇ ਰੰਗਾਂ ਅਤੇ ਤਾਸੀਰ ਵਾਂਗ ਹੀ ਸਾਡੇ ਮਨਾਂ ਵਿਚ ਵਿਸਰਦੇ-ਉਸਰਦੇ ਜਾਂ ਪਸਰਦੇ ਅਰਮਾਨ ਆਪਣੇ ਅੰਦਰ ਪਾਲ੍ਹੇ ਮੇਲੇ ਵਿੱਚੋਂ ਯਾਦਾਂ ਨੂੰ ਸੱਜਰਾ ਕਰਦੇ ਹਾਂ। ਕੁਝ ਲੋਕਾਂ ਨਾਲ ਹੰਢਾਏ ਪਲ ਸੀਨੇ ਉਗੇ ਰੁੱਖ ਹੇਠ ਦੁਬਕ ਜਾਂਦੇ ਹਨ। ਉਨ੍ਹਾਂ ਨੂੰ ਲਿਖੇ ਖ਼ਤ ਸਾਡੇ ਅੰਦਰਲੇ ਨਾਲ ਇਕਸੁਰ ਹੁੰਦੇ ਹਨ। ਗੁਰਤੇਜ ਕੁਹਾਰ ਵਾਲਾ ਦੀਆਂ ਸਤਰਾਂ ਹਨ – ਖ਼ਤਾਂ ਦੇ ਢੇਰ ਨੀਂ ਹੁੰਦੇ ਨਾ ਹੀ ਅੰਬਾਰ ਹੁੰਦੇ ਨੇ। \ਸਾਂਭਣ ਵਾਲੇ ਖ਼ਤ ਤਾਂ ਬੱਸ ਦੋ ਚਾਰ ਹੁੰਦੇ ਨੇ। ਕਿਹਾ ਜਾਂਦਾ ਹੈ ਖ਼ਤ ਲਿਖਣ ਦਾ ਆਗਾਜ਼ 2000 ਈਸਾ ਪੂਰਵ ਤੋਂ ਰਾਜੇ ਮਹਾਰਾਜਿਆਂ ਦੇ ਹੋਰਨਾਂ ਦੇ ਨਾਮ ਸੰਦੇਸ਼, ਹੁਕਮ ਜਾਂ ਆਦੇਸ਼ ਭੇਜਣ ਤੋਂ ਹੋਇਆ ਹੋਵੇਗਾ। ਇਨ੍ਹਾਂ ਨੂੰ ਪੈਦਲ ਜਾਂ ਘੁੜਸਵਾਰ ਹੀ ਦੂਜੀ ਥਾਂ ਪੁਜਦਾ ਕਰਦੇ ਹੋਣਗੇ। ਹੋ ਸਕਦਾ ਹੈ ਕਦੇ ਕਬੂਤਰ ਦੀ ਗਲ਼ ਦੀ ਗਾਨੀ ਨਾਲ ਰੁੱਕਾ ਬੰਨ੍ਹ ਕੇ ਵੀ ਸੁਨੇਹਾ ਜਾਂਦਾ ਰਿਹਾ ਹੋਵੇ। ਗੀਤ ਦੀ ਇਹ ਸਤਰ ਇਸ ਦੀ ਗਵਾਹੀ ਹੈ – ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ। ਪਰਸ਼ੀਅਨ ਰਾਣੀ ਦਾ 500 ਈਸਾ ਪੂਰਵ ਲਿਖਿਆ ਖ਼ਤ ਹੀ ਪਹਿਲਾ ਕਿਆਸਿਆ ਜਾਂਦਾ ਹੈ। ਕੁਝ ਖ਼ਤ ਅਜਿਹੇ ਵੀ ਸਾਡੀ ਸਿਮਰਤੀ ਦਾ ਹਿੱਸਾ ਬਣੇ ਹਨ ਜੋ ਵੇਲ਼ੇ ਦੇ ਇਤਿਹਾਸ ਦੀ ਹਿੱਕ ਤੇ ਪੈੜ ਪਾ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫ਼ਰਨਾਮਾ ਪੜ੍ਹ ਕੇ ਔਰੰਗਜ਼ੇਬ ਉੱਠਣ ਜੋਗਾ ਨਹੀਂ ਰਿਹਾ ਸੀ। ਕਈ ਵਾਰੀ ਚਿੱਠੀ ਦੀ ਦਿੱਖ ਹੀ ਉਸ ਅੰਦਰਲੀ ਇਬਾਰਤ ਦੀ ਗਵਾਹੀ ਹੁੰਦੀ ਹੈ। ਜ਼ਿੰਦਗੀ ਦੇ ਕੈਲੰਡਰ ਵਿਚੋਂ ਪਾਟੇ ਪੰਨੇ ਵਰਗੀ ਚਿੱਠੀ ਜਦੋਂ ਕੰਨੀ ਪਾਟੀ ਵਾਲੀ ਹੋਵੇ ਤਾਂ ਅੰਦਰ ਸ਼ੋਕ-ਸਮਾਚਾਰ ਹੁੰਦਾ ਹੈ। ਜੇ ਚਿੱਠੀ ਨੂੰ ਹਲਦੀ ਲੱਗੀ ਹੋਵੇ ਤਾਂ ਸ਼ਗਨਾਂ ਦਾ ਸੱਦਾ ਹੁੰਦਾ ਹੈ ਤੇ ਜੇ ਖ਼ਤ ਰੰਗਦਾਰ ਕਾਗਜ਼ ਤੇ ਹੋਵੇ ਤਾਂ ਮੁਹੱਬਤਨਾਮਾ ਹੋ ਸਕਦਾ ਹੈ। ਸੁਰਜੀਤ ਪਾਤਰ ਦੀਆਂ ਸਤਰਾਂ ਹਨ – ਖ਼ਤ ਆਵੇਗਾ ਮਹਿੰਦੀ ਰੰਗੇ ਪੰਨੇ ਤੇ, ਤੇਰੇ ਵਿਹੜੇ ਉਗ ਪਵਾਂ ਮੈਂ ਜੇ ਤੂੰ ਮੇਰੀ ਮੰਨੇ ਤੇ। ਕਈ ਖ਼ਤ ਨਿੱਜੀ ਹੁੰਦੇ ਹੋਏ ਵੀ ਪੂਰੀ ਖ਼ਲਕਤ ਦੇ ਸਾਂਝੇ ਸੁਨੇਹੇ ਸਿਰਜਣ ਦੇ ਸਮਰੱਥ ਹੋ ਜਾਂਦੇ ਹਨ, ਜਿਵੇਂ ਸ਼ਹੀਦ ਭਗਤ ਸਿੰਘ ਦੀਆਂ ਜੇਲ੍ਹ ਤੋਂ ਲਿਖੀਆਂ ਚਿੱਠੀਆਂ, ਪਿਤਾ ਕੇ ਪੁੱਤਰੀ ਕੇ ਨਾਮ (ਜਵਾਹਰ ਲਾਲ ਨਹਿਰੂ ਦੇ ਇੰਦਰਾ ਗਾਂਧੀ ਨੂੰ ) ਖ਼ਤ, ਜਾਂ ਅਬਰਾਹਮ ਲਿੰਕਨ ਦਾ ਬੇਟੇ ਦੇ ਅਧਿਆਪਕ ਨੂੰ ਲਿਖਿਆ ਖ਼ਤ। ਸੁੱਚੀ ਇਬਾਰਤ ਵਾਲਾ ਖ਼ਤ ਭੈਣ ਦੀ ਰੱਖੜੀ ਵਾਲਾ ਹੁੰਦਾ ਹੈ। ਫੌਜੀ ਦਾ ਘਰ ਦਿਆਂ ਵੱਲ ਉਦਰੇਵੇਂ ਵਾਲਾ ਖ਼ਤ ਜਾਂ ਏਧਰਲੇ ਬੱਚੇ ਸੈਂਟੇ ਨੂੰ ਆਪਣੀਆਂ ਮੰਗਾਂ ਪਰੋਸਦੇ ਵੇਖੇ ਹਨ। ਬਰੰਗ ਮੁੜੀ ਚਿੱਠੀ ਵੀ ਬਿਨ-ਬੁਲਾਏ ਮਹਿਮਾਨ ਵਰਗੀ ਨਜ਼ਰ ਆਉਂਦੀ ਹੈ। ਇਕ ਵਿਸ਼ੇਸ਼ ਤਰਜ਼ ਦਾ ਖ਼ਤ ਮੁਹੱਬਤ ਦੇ ਮੁਢਲੇ ਪਲਾਂ ਦਾ ਗਵਾਹ ਬਣਦਾ ਹੈ। ਅੱਲ੍ਹੜ ਉਮਰ ਦੀਆਂ ਕਿਨਾਰਿਆਂ ਤੋਂ ਛਲਕਦੀਆਂ ਰੀਝਾਂ ਵਾਲਾ ਖ਼ਤ ਜਿਸ ਰਾਹੀਂ ਪ੍ਰੇਮੀ ਅਸਮਾਨੋ ਤਾਰੇ ਤੋੜ ਮਹਿਬੂਬਾ ਦੇ ਕੇਸਾਂ ਵਿਚ ਗੁੰਦਣ ਵਰਗੀ ਰੀਝ ਉਲੀਕਦਾ ਹੈ। ਉਸ ਸਮੇ ਖ਼ਤ ਵਿਚ ਦਿਲ ਵਿੱਚੋਂ ਲੰਘਦੇ ਤੀਰ ਦੀ ਤਸਵੀਰ ਕਿਸੇ ਕਸਕ ਦੀ ਸ਼ਿੱਦਤ ਦਸਦੀ ਹੈ, ਜਾਂ ਹੰਝੂ ਦੀ ਤਸਵੀਰ ਹੋ ਸਕਦੀ ਹੈ। ਇਹ ਸਭ ਅੱਖਰ ਸਿਰੋਂ ਲੰਘੀਆਂ ਧੁੱਪਾਂ ਛਾਵਾਂ ਦੀ ਬਾਤ ਪਾਉਂਦੇ ਸੁਲਘਦੇ ਅਰਮਾਨਾਂ ਦਾ ਸਬੂਤ ਹੁੰਦੇ ਹਨ। ਗੁਲਜ਼ਾਰ ਦੇ ਸ਼ਬਦਾਂ ਵਿਚ – ਮੈ ਨੇ ਇਨਸਾਨੀਅਤ ਕੇ ਨਾਮ ਪੇ ਖ਼ਤ ਲਿਖਾ ਥਾ, \ ਡਾਕੀਆ ਹੀ ਚਲ ਬਸਾ ਘਰ ਢੂੰਡਤੇ ਢੂੰਡਤੇ। ਭਾਵਾਂ ਤੋਂ ਵਿਰਵੇ ਖ਼ਤ ਇਮਾਰਤਾਂ ਵੱਲੋਂ ਕਰਮਚਾਰੀਆਂ ਵੱਲਲ ਇਕੋ ਜਿਹੀ ਇਬਾਰਤ ਪਰੋਸਦੇ ਹਨ। ਮੋਹ ਤੇਹ ਤੋਂ ਵਿਛੁੰਨੇ ਇਹ ਅੱਖਰ ਭਾਵਹੀਨ, ਬੇਰੁਖੇ ਅਤੇ ਨੁਚੜੇ ਜਿਹੇ ਹੁੰਦੇ ਹਨ। ਸੁਣਿਆ ਹੈ ਕੁਝ ਲੋਕ ਬੋਤਲ ਵਿਚ ਰੁੱਕੇ ਲਿਖ ਕੇ ਸਮੁੰਦਰ ਦੀਆਂ ਲਹਿਰਾਂ ਹਵਾਲੇ ਕਰਦੇ ਆਪਣੀ ਨਿਸ਼ਾਨੀ ਛਡਦੇ ਹਨ। ਕਲਾਕਾਰਾਂ ਜਾਂ ਸਾਹਿਤਕਾਰਾਂ ਦੇ ਚਹੇਤਿਆਂ ਵੱਲੋਂ ਭੇਜੀ ਦਾਦ ਦੇ ਖ਼ਤ ਉਨ੍ਹਾਂ ਲਈ ਸਰਮਾਏ ਵਰਗੇ ਹੁੰਦੇ ਹਨ। ਇਹ ਸੇਵਾ ਹੁਣ ਲਾਈਕ ਜਾਂ ਸ਼ੇਅਰ ਨੇ ਸੰਭਾਲ਼ ਲਈ ਹੈ। ਇਨ੍ਹਾਂ ਦੀ ਗਿਣਤੀ ਕਰਦੇ ਲੋਕ ਆਪਣੀ ਬੁਲੰਦੀ ਦੇ ਸੁਪਨੇ ਬੁਣਦੇ ਹਨ। ਕਈ ਖ਼ਤਾਂ ਨੇ ਗੀਤਾਂ ਰਾਹੀਂ ਲੋਕ-ਮਨਾਂ ਤਕ ਪਹੁੰਚ ਕੀਤੀ ਹੈ, ਜਿਵੇਂ ਚਿੱਠੀ ਆਈ ਹੈ, ਚਿੱਠੀਆਂ ਸਾਹਿਬਾਂ ਜੱਟੀ ਨੇ ਲਿਖ ਮਿਰਜ਼ੇ ਵੱਲ ਪਾਈਆਂ, ਚਿੱਠੀਏ ਨੀ ਚਿੱਠੀਏ ਹੰਝੂਆਂ ਨਾ ਲਿਖੀਏ, ਸੰਦੇਸ਼ੇ ਆਤੇ ਹੈਂ, ਵਗੈਰਾ ਵਗੈਰਾ। ਪਰ ਹੁਣ ਭਾਵਾਂ ਦਾ ਇਹ ਸੰਸਾਰ ਛਿਜ ਗਿਆ ਲਗਦਾ ਹੈ। ਅੱਖਰਾਂ ਤੋਂ ਵਿਰਵੇ ਲੋਕ ਕਈ ਵਾਰ ਬੋਲ ਪਰੋਸਦੇ ਹਨ ਪਰ ਲਿਖਣ ਵਾਲੇ ਦੀ ਗ਼ਲਤੀ ਕਰ ਕੇ ਅਰਥ ਤੋਂ ਅਨਰਥ ਹੋ ਜਾਂਦਾ ਹੈ। ਇਕ ਵਾਰੀ ਕਿਸੇ ਨੇ ਘਰ ਦੇ ਕੱਟੇ-ਵੱਛਿਆਂ ਦਾ ਹਾਲ ਦਸ ਕੇ ਕਿਹਾ,ਬੜੀ ਬਹੂ ਅਜਮੇਰ ਗਈ ਹੈ। ਲਿਖਣ ਵਾਲੇ ਨੇ ਮ ਨੂੰ ਲਾਂ ਨਹੀਂ ਲਾਈ ਤਾਂ ਪੜ੍ਹਨ ਵੇਲੇ ਪਿੱਟ-ਸਿਆਪਾ ਪੈ ਗਿਆ। ਖ਼ਤਾਂ ਰਾਹੀਂ ਦੁਖ-ਸੁਖ ਕਰਨ ਦਾ ਇਹ ਵਸੀਲਾ ਲਹੂ-ਮਾਸ ਵਿਚ ਰਮਿਆ ਲਗਦਾ ਸੀ। ਕਾਫ਼ੀ ਅਰਸਾ ਸਾਡੀਆਂ ਭਾਵਨਾਵਾਂ, ਗਿਲੇ, ਸ਼ਿਕਵੇ ਦੂਜੀ ਥਾਂ ਤਕ ਪੁਜਦੇ ਰਹੇ।




**ਇਕ ਖ਼ਤ ਕਾਫ਼ੀ ਅਰਸਾ ਪਹਿਲਾਂ ਜਸਵੀਰ ਭੁੱਲਰ (ਕਹਾਣੀਕਾਰ) ਦੇ ਪਿਤਾ ਜੀ ਦੇ ਦੁਨੀਆਂ ਤੋਂ ਵਿਦਾਇਗੀ ਸਮੇਂ ਅੰਤਿਮ ਅਰਦਾਸ ਦਾ ਮਿਲਿਆ ਸੀ। ਲੇਖਕ ਹੋਣ ਕਾਰਣ ਉਸ ਦੇ ਸ਼ਬਦਾਂ ਦਾ ਵੱਖਰਾ ਹੀ ਅੰਦਾਜ਼ ਸੀ - ਜਿਸ ਦੀ ਉਮਰ ਕੋਲੋਂ ਮਹਿਕ ਲੈ ਕੇ ਅਸੀਂ ਪੋਹਲੀ ਤੋਂ ਗੁਲਾਬ ਹੋਏ ਹਾਂ, ਸਾਡਾ ਉਹ ਬਿਰਧ ਸੂਰਜ ਸਾਰੀ ਰੌਸ਼ਨੀ ਟੁਕੜਿਆਂ ਨੂੰ ਵੰਡ ਅਸਤ ਹੋ ਗਿਆ। ਦਿਲਬਰੀ ਅਤੇ ਧਰਵਾਸੇ ਦਾ ਤਲਬਗਾਰ ਹਾਂ।** (15 ਜੁਲਾਈ, 1982, ਜ. ਭੁੱਲਰ)


**ਘਰ ਖਰੀਦਣਾ ਜਾਂ ਵੇਚਣਾ ਹੋਵੇ ਤਾਂ ਤਜ਼ਰਬੇਕਾਰ ਰੀਐਲਟਰ ਰਾਜ ਮੱਲ੍ਹੀ ਦੀ ਸਲਾਹ ਜਰੂਰ ਲੈ ਲਵੋ**



**RAJ MALHI**
Real Estate Associate
403-619-6130
eXp REALTY
rajmalhiyyc@gmail.com

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ,ਉਮਰ 39 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ, ਵੈਲ ਸੈਟਲਡ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ,ਪਰਿਵਾਰਕ ਕਦਰਾਂ ਕੀਮਤਾਂ ਵਾਲੀ 35 ਸਾਲ ਤੋਂ ਘੱਟ ਉਮਰ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 368 887 9849 or email: garysb2020@gmail.com ***236****

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਉਮਰ, 27 ਸਾਲ, ਕੱਦ 5 ਫੁੱਟ ,ਵਿੱਦਿਅਕ ਯੋਗਤਾ ਬੈਚੂਲਰ ਇਨ ਅਕਾਊਂਟਿੰਗ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਐਡਮਿੰਟਨ ਨੂੰ ਪਹਿਲ। ਸੰਪਰਕ ਸਿਰਫ ਵਟਸਐਪ : 0091-9876156620 ਜਾਂ ਕਾਲ: 780 200 8629 ***232***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ। ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ।ਵਟਸਐਪ: 403 680 0436 ******

## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1778 325 4792 ******

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 7 ਇੰਚ,ਵਿੱਦਿਅਕ ਯੋਗਤਾ ਕੰਪਿਊਟਿਰ ਨੈਟਵਰਕ ,ਕਨੇਡਾ ਰੈਵਨਿਊ ਨਾਲ ਜੌਬ ਕਰ ਰਹੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 433 4991 ਜਾਂ 437 267 4746 ***232***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜ੍ਹੀਆ ਪਰਿਵਾਰ ਦੀ ਲੜਕੀ ਉਮਰ 29 ਸਾਲ, ਕੱਦ 5 ਫੁਟ 1 ਇਚ,ਜਨਮ 1993,ਵਿਦਿਅਕ ਯੋਗਤਾ :B.EnvD.M.Arch ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ ਕਰਨ ਲਈ ਆਪਣੀ ਜਾਣਕਾਰੀ ਫੋਨ ਉੱਪਰ ਵਟਸ ਐਪ ਮੈਸੇਜ ਕਰਨ ਉਪਰੰਤ ਹੀ ਕਾਲ ਕੀਤੀ ਜਾਵੇ। ਸੰਪਰਕ:1 204 899 6570 ***236***

## ਲੜਕੀ ਦੀ ਲੋੜ

Sikh well settled family living in Canada from 16 years looking for a suitable match for their 33 years old son ,doing business in Ontario and Winnipeg. Canadian citizen,5'10",Active in realestate and financing business. Call at 204 510 7658 Or 519 917 5055 ***232***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ, ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਹੌਸਪਿਟਲਟੀ ਮੈਨੇਜਮੈਂਟ ਡਿਪਲੋਮਾਂ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 735 0059 ***231***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਖੰਗੂੜਾ ਪਰਿਵਾਰ ਦੇ ਲੜਕੇ ,ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਬੀ ਟੈੱਕ ਇਨ ਕੰਪਿਊਟਿਰ ਸਾਇੰਸ ਇਨ ਇੰਡੀਆ ,ਪੋਸਟ ਗਰੈਜੂਏਟ ਡਿਪਲੋਮਾਂ ਇਨ ਸਾਫਟਵੇਅਰ ਡਿਵੈਲਪਮੈਂਟਐਂਡ ਡਿਜੀਟਲ ਮਾਰਕੀਟਿੰਗ ਇਨ ਕਨੇਡਾ ,ਲਈ ਹਾਣ ਪ੍ਰਵਾਣ ਜੱਟ ਸਿੱਖ ਅੰਮ੍ਰਿਤਧਾਰੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:0091 98 55451268 ***231***

## ਲੜਕੀ ਦੀ ਲੋੜ

ਪੰਜਾਬ ਜਿਲ੍ਹਾ ਮੋਗਾ ਰਹਿੰਦੇ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਲੜਕੇ,ਉਮਰ 28 ਸਾਲ,ਕੱਦ 5 ਫੁੱਟ 9 ਇੰਚ,ਬੀ ਏ ਪਾਸ ,ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ ਸੰਪਰਕ: 001 403 992 9190 ***235***

## ਲੜਕੀ ਦੀ ਲੋੜ

Hindu punjabi khatri boy 38 years old, height 5.7 living in Vancouver upper middle class family, B.tech/MBA, now self-employed in logistics, Canadian citizen looking for a beautiful educated girl within Canada. Tourist, work permit, PR or citizen. +1 306 502 6789 ***235***

## ਲੜਕੇ ਦੀ ਲੋੜ

D.O.B.1992,Height-5'6",Caste-Ramghria, Gotra-Rupal-Deogan. Currently living in Surrey as permanent resident. Qualification Mass communication as well as Master degree in English. Moved to Canada in July 2022 with express entry. Call: 0091 93548 56600 ***235***

## ਜੀਵਨ ਸਾਥਣ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਵੈਜੀਟੇਰੀਅਨ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ ਲਈ ਜੀਵਨ ਸਾਥਣ ਦੀ ਲੋੜ ਹੈ। ਪਹਿਲਾਂ ਵਾਲੇ ਵਿਆਹ ਦਾ 1 ਮੁੰਡਾ ਅਤੇ 1 ਕੁੜੀ ਹੈ। ਲੜਕੇ ਦਾ ਆਪਣਾ ਬਿਜ਼ਨਸ ਹੈ। ਬਿਨਾਂ ਬੱਚਿਆਂ ਤੋਂ ਜਾਂ 1 ਬੱਚੇ ਵਾਲੀ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਕਾਲ: 1 250 552 3353 ਜਾਂ 1250 564 217 ***235***

## ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉੱਪਰ ਆਏ ਜੁਲਾਹਾ ਸਿੱਖ ਪਰਿਵਾਰ ਦੇ ਲੜਕੇ ਤਲਾਕਸੁਦਾ,(ਕੋਈ ਬੱਚਾ ਨਹੀ) ਉਮਰ 43 ਸਾਲ, ਕੱਦ 5ਫੁੱਟ 11 ਇੰਚ, ਐਡਮਿੰਟਨ ਵਿੱਚ ਵਰਕ ਪਰਮਿਟ ਉੱਪਰ ਜੌਬ ਕਰ ਰਹੇ, ਗਰੈਜੂਏਟ ਲਈ ਕਨੇਡੀਅਨ ਪੀ ਆਰ, ਸਿਟੀਜਨ, ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਿਧਵਾ ਵੀ ਸੰਪਰਕ ਕਰ ਸਕਦੀ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 780 297 2254 ***235***

## ਲੜਕੀ ਦੀ ਲੋੜ

ਬਰਾੜ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਪੜ੍ਹਾਈ ਲਿਖਾਈ ਪਲੱਸ 2 ,ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੇ ਵਿਆਹ ਦਾ ਇੱਕ ਲੜਕਾ 12 ਸਾਲ ਦੀ ਉਮਰ ਦਾ ਹੈ ।ਸੰਪਰਕ: 587 973 6070 ***235***

## ਲੜਕੀ ਦੀ ਲੋੜ

ਇੰਡੀਆਂ ਪੰਜਾਬ ਰਹਿੰਦੇ ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ, ਉਮਰ 22 ਸਾਲ, ਕੱਦ 5 ਫੁੱਟ 11 ਇੰਚ, ਨਸ਼ਾ ਰਹਿਤ, Chitkara University ਤੋ 231 ਦੀ ਡਿਗਰੀ ਤੇ ਦਿੱਲੀ ਤੋ Certified Fitness Trainer ਦੀ ਕੋਰਸ ਕੀਤੇ ਲੜਕੇ ਲਈ ਕਨੇਡੀਅਨ ਪੀ ਆਰ ਜਾ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ! ਲੜਕੇ ਦੀ ਪੰਜਾਬ ਹਰਿਆਣੇ ਵਿੱਚ ਚੰਗੀ ਜਾਇਦਾਦ ਹੈ ! ਲੜਕੇ ਦੇ ਪਰਿਵਾਰਕ ਰਿਸ਼ਤੇਦਾਰ ਕੈਨੇਡਾ ਸੈਟਲ ਹਨ ਜੋ ਪੂਰੀ ਮਦਦ ਕਰਨਗੇ ! ਵਧੇਰੇ ਜਾਣਕਾਰੀ ਲਈ 780-700-5022 ਜਾ sukhvirbhanguGE@ gmail.com ਤੇ ਸੰਪਰਕ ਕਰ ਸਕਦੇ ਹੋ !! ***235***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਮੋਗਾ ਜਿਲੇ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ : 1 306 450 0239 ***234***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰੰਤ ਐਲ ਐਮ ਆਈ ਏ ਉੱਪਰ ਮੁਕਤਸਰ (ਪੰਜਾਬ) ਵਿੱਚ 11।5 ਏਕੜ ਜ਼ਮੀਨ ਦੀ ਮਾਲਕੀ ਵਾਲੇ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ +2+ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ। ਸੰਪਰਕ: 1 431 996 1000 ***234***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਐਡਮਿੰਟਨ ਵਿੱਚ ਰਹਿੰਦੇ ਗਰਚਾ ਪਰਿਵਾਰ ਦੇ ਲੜਕੇ ,ਜਨਮ 1995, ਕੱਦ 5 ਫੁੱਟ 7 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਅਕਾਊਂਟਿੰਗ ਅਤੇ ਪਲੰਬਰ ਦਾ ਡਿਪਲੋਮਾ ਕੀਤਾ ਹੈ। ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ । ਦੋਵੇਂ ਭੈਣਾਂ ਵਿਆਹੀਆਂ ਹੋਈਆਂ ਹਨ। ਐਡਮਿੰਟਨ ਅਤੇ ਕੈਲਗਰੀ ਨੂੰ ਪਹਿਲ , ਸੰਪਰਕ : 587 568 8795 ਜਾਂ 587 568 8796 ***234***

## ਲੜਕੇ ਦੀ ਲੋੜ

ਕਨੇਡੀਅਨ ਜੰਮਪਲ, ਗਰੇਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 4 ਇੰਚ, ਹਿਊਮਨ ਰਿਸੋਰਸ ਐਡਮਿਨ ਡਿਪਲੋਮਾਂ ਹੋਲਡਰ / ਫੂਡ ਟੈਕਨੋਲਜੀ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਨੂੰ ਪਹਿਲ। ਸੰਪਰਕ ਸਿਰਫ ਈ ਮੇਲ ਰਾਹੀਂ ਹੀ ਕਰ ਸਕਦੇ ਹੋ। ਈ ਮੇਲ: jiwangrewal52@gmail.com ***234***

## ਲੜਕੀ ਦੀ ਲੋੜ

20 ਏਕੜ ਜ਼ਮੀਨ ਦੇ ਮਾਲਕ ਸਾਬਕਾ ਸਰਪੰਚ ਅਤੇ ਹੁਣ ਗੁਰੂਘਰ ਦੀ ਕਮੇਟੀ ਦੇ ਪ੍ਰਧਾਨ ਪੰਜਾਬ ਰਹਿੰਦੇ ਜੱਟ ਸਿੱਖ ਗੋਸਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ, ਐਮ ਏ ਪਹਿਲੇ ਸਾਲ ਪੜ੍ਹਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਕਨੇਡਾ ਆਕੇ ਆਪਣੇ ਅੰਕਲ ਦੇ ਹੋਟਲ ਬਿਜਨਿਸ ਦੀ ਟੀਮ ਦਾ ਹਿੱਸਾ ਬਣ ਸਕਦਾ ਹੈ। ਸੰਪਰਕ: 1 780 901 3797 ***234***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਨਾਈ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 8 ਇੰਚ, ਯੂਨੀਵਰਿਸਟੀ ਕੈਲਗਰੀ ਤੋਂ ਬੀ ਐਸ ਸੀ ਨਰਸਿੰਗ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਸਿਟੀਜਨ ਹੈ। ਲੜਕੀ ਇਸ ਵੇਲੇ 45 ਡਾਲਰ /ਘੰਟਾ ਦੀ ਆਰ ਐਨ(ਰਜਿਸਟਰਡ ਨਰਸ) ਦੀ ਜੌਬ ਕਰ ਰਹੀ ਹੈ। ਫੋਨ ਦਿਨ ਦੇ 2:00 ਵਜੇ ਤੋਂ ਲੈਕੇ ਰਾਤ ਦੇ 12:00 ਵਜੇ ਦੇ ਦਰਮਿਆਨ ਹੀ ਕੀਤਾ ਜਾਵੇ। ਸੰਪਰਕ: 587 581 3088 ***234***

## ਲੜਕੀ ਦੀ ਲੋੜ

ਪੰਜਾਬ ਰਹਿੰਦੇ 4 ਕਿੱਲੇ ਸਹਿਰੀ ਜਾਇਦਾਦ ਦੇ ਮਾਲਕ ,ਜੱਟ ਸਿੱਖ,ਅੰਮ੍ਰਿਤਧਾਰੀ,ਉਮਰ 29 ਸਾਲ,ਕੱਦ 6 ਫੁੱਟ, 5 ਸਾਲ ਦਾ ਤਜ਼ਰਬਾ ਰੱਖਣ ਵਾਲੇ ਮਕੈਨੀਕਲ ਇੰਜੀਨੀਅਰ ਲੜਕੇ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:ਵਟਸਐਪ 94658-46544 ***234***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਜਿਲਾ ਮੋਗਾ ਨਾਲ ਸਬੰਧਿਤ ਐਮ ਏ ਇੰਗਲਿਸ਼,ਬੀ ਐੱਡ ਲਈ ਪੜੀ ਲਿਖੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ । ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 825 205 3609 ਜਾਂ 403 951 1954 ***234***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਕਾਹਲੋਂ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮਰਜੈਂਸੀ ਵੈਟਨਰੀ ਡਾਕਟਰ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਸੰਪਰਕ:13069145600 **233**

## ਲੜਕੀ ਦੀ ਲੋੜ

ਕਨੇਡੀਅਨ ਬੌਰਨ, ਜੱਟ ਸਿੱਖ ਦਿਉਲ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 3 ਇੰਚ, ਸਿਟੀ ਆਫ ਕੈਲਗਰੀ ਨਾਲ ਜੌਬ ਕਰਦੇ,ਅਕਾਊਂਟਿੰਗ ਡਿਪਲੋਮਾਂ ਹੋਲਡਰ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 918 5718 ***233***

## ਲੜਕੀ ਦੀ ਲੋੜ

ਕਨੇਡਾ ਸਟੱਡੀ ਪਰਮਿਟ ਉੱਪਰ ਆਈ ਨਾਈ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 25 ਸਾਲ, ਇੰਡੀਆ ਤੋਂ (BDS) ਡੈਂਟਲ ਡਾਕਟਰ ਦੀ ਡਿਗਰੀ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 614 0001 ***233***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 688 6767 ***233***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਨਾਈ ਸਿੱਖ ਦੇ ਲੜਕੇ,ਜਨਮ 1991,ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਕਾਮ (foreign),ਜੋ ਇਸ ਵੇਲੇ ਕਨੇਡਾ ਵਿੱਚ ਹੀ ਅਕਾਊਂਟੈਂਟ ਦੀ ਚੰਗੀ ਜੌਬ ਕਰ ਰਿਹਾ ਹੈ ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਚੰਗੀ ਪੜ੍ਹੀਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 889 6509,1-431 334 7456 ਜਾਂ 0091-855 807 0708 ***233***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਸੈਣੀ ਪਰਿਵਾਰ ਦੇ ਇਸੂਲੈਸ ਤਲਾਕਸੁਦਾ ਲੜਕੇ ਉਮਰ 37 ਸਾਲ, ਕੱਦ 5 ਫੁੱਟ 8 ਇੰਚ, ਮਕੈਨੀਕਲ ਇੰਜੀਨੀਅਰਇੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਇਸ ਵੇਲੇ ਏਅਰਪੋਰਟ ਉੱਪਰ ਬੱਸ ਡਰਾਈਵਰ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 1 778 953 0024 ***233***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 8 ਇੰਚ, ਆਟੋ ਮੋਬਾਈਲ ਡਿਪੋਲਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਅਤਟ ਟਰੱਕਿੰਗ ਦਾ ਬਿਜਨਿਸ ਹੈ। ਮਾਂ ਬਾਪ ਸੁਪਰਵੀਜ਼ਾ ਉੱਪਰ ਆਏ ਹੋਏ ਹਨ। ਇੰਡੀਆ, ਕਨੇਡਾ ਜਾਂ ਯੂ ਐਸ ਏ ਕਿਤੇ ਵੀ ਰਹਿੰਦੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ। ਸੰਪਰਕ: 403 415 4033 **233**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ, ਸੈਣੀ ਪਰਿਵਾਰ ਦੀ ਕੈਲਗਰੀ ਰਹਿੰਦੀ ਲੜਕੀ ਜਨਮ 1990,ਕੱਦ 5 ਫੁੱਟ 4 ਇੰਚ, ਕੁਆਲੀਫਿਕੇਸ਼ਨ: ਬੀ ਐਸ ਸੀ ਨਰਸਿੰਗ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਇਸ ਵੇਲੇ ਡੇ-ਕੇਅਰ ਦੀ ਜੌਬ ਕਰ ਰਹੀ ਹੈ। ਕੈਲਗਰੀ ਰਹਿਣ ਵਾਲੇ,ਵਰਕ ਪਰਮਿਟ ਜਾਂ ਵਿਜਟਰ ਵੀਜਾ ਵਾਲੇ ਨੂੰ ਪਹਿਲ। ਸੰਪਰਕ: 780 782 8740, 587 733 5911 ***232***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ,ਜਨਮ 1993,ਕੱਦ 5 ਫੁੱਟ 7 ਇੰਚ, ਬੀ ਐਸ ਸੀ ਨਰਸਿੰਗ,ਹੈਲਥ ਕੇਅਰ ਵਿੱਚ ਜੌਬ ਕਰਦੀ ਲਈ,ਵੈੱਲ ਸੈਟਲਡ, ਵਧੀਆ ਪਰਿਵਾਰ ਦੇ ਗਰੈਜੂਏਟ,ਵੈਸ਼ਨੂੰ,ਨਸ਼ਾ ਰਹਿਤ ਪੀ ਆਰ/ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਕੈਲਗਰੀ ਨੂੰ ਪਹਿਲ।ਸੰਪਰਕ: 1 825 777 4040 ਜਾਂ 91 9914480500 ***232***

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਐਡਮਿੰਟਨ ਰਹਿੰਦੇ ਜੱਟ ਸਿੱਖ ਸ਼ੋਕਰ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ,ਬੀ ਬੀ ਏ ਅਕਾਊਂਟਿੰਗ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 779 5743 ***232***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਜਨਮ 1993,ਕੱਦ 5 ਫੁੱਟ 11 ਇੰਚ, ਪੰਜਾਬ ਦੇ ਲੁਧਿਆਣਾ ਜਿਲ੍ਹੇ ਵਿੱਚ 5 ਕਿੱਲੇ ਜ਼ਮੀਨ ਦੇ ਮਾਲਕ ਲਈ ਹਾਣ ਪ੍ਰਵਾਣ ਦੀ ਕਨੇਡਾ ਵਿੱਚ ਹੀ ਰਹਿੰਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਆਪਣਾ ਘਰਾਂ ਦੀ ਰੈਨੋਵੇਸ਼ਨ ਕਰਨ ਦਾ ਚੰਗਾ ਕਾਰੋਬਾਰ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਕਾਲ ਨਾ ਕਰਨ। ਸੰਪਰਕ: 403 891 2618 ***231***

## ਲੜਕੀ ਦੀ ਲੋੜ

Canadian Citizen, Jat Sikh handsome boy, born 1990, height 5 feet 11 inches, well-educated from Canada and doing Successful Business, looking for a girl from Canada. Please call or send biodata on what's app.403 796 7462 ***231***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1990, ਕੱਦ 5 ਫੁੱਟ 11 ਇੰਚ, ਕਨੇਡਾ ਵਿੱਚ ਹੀ ਚੰਗੇ ਪੜ੍ਹੇ ਲਿਖੇ ਅਤੇ ਕਨੇਡਾ ਵਿੱਚ ਹੀ ਸਫਲ ਬਿਜਨਿਸਮੈਨ ਲੜਕੇ ਲਈ, ਕਨੇਡਾ ਤੋਂ ਹੀ ਪੜ੍ਹੀ ਲਿਖੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 796 7462 ***231***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਰਕ-ਪਰਮਿਟ ਉੱਪਰ ਕਨੇਡਾ ਆਏ ਲੜਕੇ ਉਮਰ 32 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈਟਲਡ ਹੈ। ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ: 1 204-951-6503,ਜਾਂ 1 431-374-4686 ***231***


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈਗ- 431 733 3000

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.





ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਜ਼ਮੀਨ ਵਿਕਾਊ ਹੈ

ਰੀਜਾਇਨਾ ਦੇ ਨੇੜੇ ਹਾਈਵੇਅ 1 ਈਸਟ ਉੱਪਰ 140 ਏਕੜ ਜਮੀਨ ਵਿਕਾਊ ਹੈ। ਇਹ ਜਮੀਨ Saint Josph coloney ਵਿੱਚ ਹੈ ਜੋ Balgone ਤੋਂ 2 ਮਿੰਟ ਈਸਟ ਵਿੱਚ ਹੈ। ਟਰਕ ਸਟੌਪ ਲਈ ਵਧੀਆ ਲੋਕੇਸ਼ਨ ਅਤੇ ਸਾਊਥ ਵਿਚ ਕੰਟਰੀ ਹੋਮ ਲਈ ਲਾਟਾਂ ਵਿਕ ਰਹੀਆਂ ਹਨ। ਕੀਮਤ 5000 ਡਾਲਰ ਪ੍ਰਤੀ ਏਕੜ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ।

1-306 581 2187

ਬਿਜਨਿਸ ਵਿਕਾਊ ਹੈ






ਸੈਸਕਾਟੂਨ ਵਿੱਚ ਰੈਸਟੋਰੈਂਟ ਵਿਕਾਊ ਹੈ। ਪੰਜਾਬੀਆਂ ਦੀ ਵੱਸੋਂ ਵਾਲੇ ਇਲਾਕੇ ਵਿੱਚ ,ਬਿਜ਼ੀ ਪਲਾਜੇ ਅੰਦਰ, ਖੁੱਲੀ ਪਾਰਕਿੰਗ ਲਾਟ, ਸਫਲਤਾ ਨਾਲ ਚੱਲ ਰਿਹਾ ਬਿਜਨਿਸ ਕੁੱਝ ਨਿੱਜੀ ਕਾਰਣਾ ਕਰਕੇ ਵਿਕਾਊ ਹੈ। 1058 ਸਕੇਅਰ ਫੁੱਟ ਬਹੁਤ ਘੱਟ ਰੈਂਟ ਵਾਲੇ ਇਸ ਬਿਜਨਿਸ ਦੇ ਮਾਲਕ ਤੁਸੀਂ ਬਣ ਸਕਦੇ ਹੋ। ਸੰਪਰਕ: 306 850 9734


# ਇੰਡੋ ਕਨੇਡੀਅਨ ਐਸੋਸੀਏਸ਼ਨ ਵੱਲੋਂ ਸੀਨੀਅਰ ਦੀਆਂ ਸੇਵਾਵਾਂ ਲਈ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ




ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਬੀਤੀ 22 ਅਕਤੂਬਰ ਨੂੰ ਇੰਡੋ ਕੈਨੇਡੀਅਨ ਐਸੋਸੀਏਸ਼ਨ ਵੱਲੋਂ ਆਪਣੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ, ਉਹ ਮੈਂਬਰ ਜਿਨਾਂ ਨੇ ਬੀਤੇ ਸਮੇਂ ਦੌਰਾਨ ਸੰਸਥਾ ਲਈ ਅਤੇ ਸਮਾਜ ਦੇ ਲਈ ਕੁੱਝ ਵੱਖਰਾ ਕੀਤਾ। ਜਿਨਾਂ ਵਿੱਚ ਸੁਖਦਰਸ਼ਨ ਸਿੰਘ ਜੱਸਲ, ਗੁਰਦੀਪ ਸਿੰਘ ਗਹੀਰ, ਜਰਨੈਲ ਸਿੰਘ ਤੱਗੜ, ਜੀਰ ਸਿੰਘ ਬਰਾੜ,ਜਗਦੀਸ ਸਿੰਘ ਕਲੇਰ ਤੇ ਅਜੈਬ ਸਿੰਘ ਭੰਗੂ ਦੇ ਨਾਂ ਸ਼ਾਮਿਲ ਹਨ । ਸਮਾਰੋਹ ਦੀ ਪ੍ਰਧਾਨਗੀ ਜਰਨੈਲ ਸਿੰਘ ਤੱਗੜ ਨੇ ਨਿਭਾਈ। ਜਗਦੀਤ ਸਿੰਘ ਚੋਹਕਾ ਨੇ ਸੋਸਾਇਟੀ ਦੇ ਪੁਰਾਣੇ ਇਤਿਹਾਸ ਬਾਰੇ ਸੰਖੇਪ ਵਿੱਚ ਜਾਣਕਾਰੀ ਹਾਜ਼ਰ ਮੈਂਬਰਾਂ ਨਾਲ ਵੀ ਕੀਤੀ। ਅੱਜ ਦੇ ਸਨਮਾਨ ਸਮਾਰੋਹ ਚ ਸਨਮਾਨਿਤ ਮੈਂਬਰਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ ਗਈ।

# ਰੋਇਲ ਵੋਮੈਨ ਐਸੋਸੀਏਸ਼ਨ ਦੇ ਅਧੀਨ ਨਵੀਆ ਪੈੜਾਂ ਦਾ ਆਗਾਜ ਹੋਇਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਰੋਇਲ ਵੋਮੈਨ ਐਸੋਸੀਏਸ਼ਨ ਦੇ ਸੈਮੀਨਾਰ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਸੰਗਠਨ ਵਿੱਚ ਪੱਚੀ ਤੋ ਪੰਜਤਾਲੀ ਸਾਲ ਤੱਕ ਦੀਆ ਲੜਕੀਆ ਦਾ ਇਕੱਠ ਹੋਇਆਂ। ਇਸਦੀ ਪਲੇਠੀ ਮੀਟਿੰਗ ਵਿੱਚ ਪੰਦਰਾ ਲੜਕੀਆ ਨੇ ਭਾਗ ਲਿਆ। ਇਸ ਪਹਿਲੇ ਸੈਸ਼ਨ ਦੌਰਾਨ ਉਹਨਾਂ ਦੀ ਆਪਸੀ ਜਾਣ ਪਹਿਚਾਣ ਹੋਈ। ਜਿਸ ਵਿੱਚੋ ਸਾਫ ਪ੍ਰਗਟ ਹੋਇਆ ਕਿ ਉਹਨਾ ਦੇ ਮਨਾਂ ਅੰਦਰ ਕਿੰਨਾ ਦੁਖਾਂਤ ਛੁਪਿਆ ਹੋਇਆ ਹੈ, ਉਹਨਾਂ ਦੇ ਅੱਥਰੂ ਉਹਨਾਂ ਦੀ ਮਾਨਸਿਕ ਦਸ਼ਾ ਦੀ ਪੀੜਾਂ ਨੂੰ ਦਰਸਾ ਰਹੇ ਸੀ। ਗੁਰਮੀਤ ਸਰਪਾਲ ਜੀ ਦੁਆਰਾ ਇਸ ਵਰਗ ਦੀਆ ਲੜਕੀਆ ਲਈ ਕੀਤਾ ਗਿਆ ਪਲੈਟਫਾਰਮ ਬੇਹੱਦ ਲਾਹੇਵੰਦ ਸਾਬਤ ਹੋਇਆ, ਜਦੋ ਕਿ ਪਲੇਠੀ ਮੀਟਿੰਗ ਵਿੱਚ ਹੀ ਲੜਕੀਆ ਆਪਣੇ ਅੰਦਰ ਦੀ ਦਾਸਤਾਨ ਦੱਸਣ ਲਈ ਬੇਹੱਦ ਉਤਾਵਲੀਆ ਸਨ।

ਕਹਿੰਦੇ ਹਨ ਕਿ ਸੁਣਨਾ ਵੀ ਇੱਕ ਕਲਾ ਹੁੰਦੀ ਹੈ ਥੈਰੇਪੀ ਹੁੰਦੀ ਹੈ ਜਿਸ ਨਾਲ ਅੰਦਰੂਨੀ ਜਖਮ ਹੀਲ ਹੁੰਦੇ ਹਨ, ਇਸ ਕਰਕੇ ਇਸਦਾ ਨਾਮ ਹੀਲ ਯੂਅਰ ਸੈਲਫ ਰੱਖਿਆ ਗਿਆ । ਰੋਇਲ ਵੋਮੈਨ ਐਸੋਸੀਏਸ਼ਨ ਦੇ ਅਧੀਨ ਨਵੇ ਪਲੈਟਫਾਰਮ ਦੀ ਪ੍ਰਾਰੰਭਤਾ ਕਰਨਾ ਇੱਕ ਅਹਿਮ ਯਤਨ ਹੈ ਜਿਸ ਵਿੱਚ ਉਹ ਉਹਨਾ ਲੜਕੀਆ ਦੇ ਨਾਲ ਖੜੇ ਹੋ ਕੇ ਉਹਨਾ ਦੀਆ ਸਮੱਸਿਆਵਾ ਨੂੰ ਪਿਆਰ ਸਹਿਤ ਸੁਣਨਗੇ ਵੀ ਅਤੇ ਉਹਨਾ ਦੇ ਹੱਲ ਵੀ ਲੱਭਣਗੇ।

# ਯਾਰੀ ਲਾਉਣੀ ਹੈ ਤਾਂ ਲਾ ਲੈ ਨਾਲ ਜੰਡੋਰੇ ਦੇ



ਜਗਦੇਵ ਸਿੱਧੂ
403 351 1136

ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਰਹਿੰਦੀ ਦੁਨੀਆਂ ਤੱਕ ਕਾਇਮ ਰਹਿਣਗੇ। ਜਦੋਂ ਵੀ ਪੰਜਾਬ ਦੀਆਂ ਲੋਕ- ਗਾਥਾਵਾਂ ਅਤੇ ਸਿੱਖ ਗੁਰੂਆਂ ਦੇ ਇਤਿਹਾਸ ਦਾ ਜ਼ਿਕਰ ਛਿੜੇਗਾ, ਇਨ੍ਹਾਂ ਦੋਵਾਂ ਵਿਚ ਜੰਡ ਦਾ ਨਾਂ ਬਾਰ ਬਾਰ ਆਉਂਦਾ ਰਹੇਗਾ। ਲੋਕ-ਗਾਥਾਵਾਂ ਵਿਚ ਮਿਰਜ਼ਾ ਸਾਹਿਬਾਂ ਦੀ ਪ੍ਰੀਤ ਕਹਾਣੀ ਦੀਆਂ ਬਾਤਾਂ ਜੰਡ ਦਾ ਨਾਂ ਲੈ ਕੇ ਹੀ ਪਾਈਆਂ ਜਾਣਗੀਆਂ। ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਦਗਾਰਾਂ ਜੰਡ ਦੇ ਦਰਖਤਾਂ ਨੇ ਆਪਣੇ ਮਜ਼ਬੂਤ ਤਣਿਆਂ (ਪੋਰਿਆਂ) ਨਾਲ ਸਾਂਭ ਕੇ ਰੱਖ ਲਈਆਂ ਹਨ ਜਿਨ੍ਹਾਂ ਨਾਲ ਗੁਰੂ ਸਾਹਿਬ ਘੋੜਾ ਬੰਨ੍ਹ ਕੇ ਛਾਵੇਂ ਆਰਾਮ ਕਰਦੇ ਸਨ। ਇਹ ਸਾਰੇ ਜੰਡ ਇਤਿਹਾਸਕ ਦਰਜਾ ਪ੍ਰਾਪਤ ਕਰ ਚੁੱਕੇ ਹਨ। ਉਂਝ ਭਾਵੇਂ ਆਮ ਬੋਲ ਚਾਲ ਵਿਚ ਜੰਡ ਦੇ ਦਰਖਤ ਦਾ ਨਾਂ ਕਦੇ-ਕਦਾਈਂ ਹੀ ਲਿਆ ਜਾਂਦਾ ਹੈ। ਭੂਗੋਲ, ਜਲਵਾਯੂ ਅਤੇ ਖੇਤੀਬਾੜੀ ਅੰਦਰ ਆਈਆਂ ਭਾਰੀ ਤਬਦੀਲੀਆਂ ਨੇ ਜੰਡ ਦੀ ਹੋਂਦ ਨੂੰ ਖ਼ਤਰੇ ਹੇਠ ਲੈ ਆਂਦਾ ਹੈ ਪਰ ਕਿਸੇ ਨੂੰ ਸ਼ਾਇਦ ਘੱਟ ਹੀ ਪਤਾ ਹੋਵੇ ਕਿ ਇਸ ਦੀਆਂ ਜੜ੍ਹਾਂ ਨਾ ਸਿਰਫ਼ ਜ਼ਮੀਨੀ ਪਤਾਲ ਤੱਕ ਹਨ ਸਗੋਂ ਉਪ੍ਰੋਕਤ ਦੋ ਪਹਿਲੂਆਂ ਕਰ ਕੇ ਵੀ ਲੋਕ ਮਨਾਂ ਅੰਦਰ ਬਹੁਤ ਡੂੰਘੀਆਂ ਤੇ ਪੀਡੀਆਂ ਹਨ।

ਮਿਰਜ਼ੇ ਦੀ ਕਬਰ (ਮਜ਼ਾਰ) ਕੋਲ ਅਡੋਲ ਖੜ੍ਹੇ ਵਿਸ਼ਾਲ ਜੰਡ ਨਾਲ ਇਨਸਾਫ਼ ਕਰਨਾ ਬਣਦਾ ਹੈ। ਕਈ ਕਵੀਆਂ ਕਿੱਸਾਕਾਰਾਂ ਵੱਲੋਂ ਇਸ ਜੰਡ ਪ੍ਰਤੀ ਇਲਜ਼ਾਮ ਲਾਉਣ ਵਾਲਾ ਰਵੱਈਆ ਅਖ਼ਤਿਆਰ ਕੀਤਾ ਗਿਆ ਹੈ, ਇਹ ਕਹਿ ਕੇ ਕਿ ਇਸ ਜੰਡੋਰੇ ਹੇਠ ਆਸ਼ਕਾਂ ਦਾ ਦੁੱਖਦਾਈ ਅੰਤ ਹੋਇਆ। ਭਲਾ ਸਾਹਿਬਾਂ ਦੇ ਮੂੰਹੋਂ ਇਹ ਅਖਵਾਉਣ ਦਾ ਇਹੋ ਤਾਂ ਮਤਲਬ ਬਣਦਾ ਹੈ -- ਤੇਰੇ ਹੇਠ ਜੰਡੋਰਿਆ ਵੇ ਮੈਂ ਹੋਈ ਰੰਡੀ। ਮਿਰਜ਼ਾ ਸਾਹਿਬਾਂ ਦਾ ਕਿੱਸਾ ਪੀਲੂ, ਹਾਫ਼ਿਜ਼ ਬਰਖ਼ੁਰਦਾਰ, ਮੀਆਂ ਮੁਹੰਮਦ ਬਖ਼ਸ਼ ਜਿਹਲਮੀ, ਭਗਵਾਨ ਸਿੰਘ, ਰਜਬ ਅਲੀ ਖ਼ਾਨ ਅਤੇ ਹੋਰ ਅਨੇਕਾਂ ਕਿੱਸਾਕਾਰਾਂ ਨੇ ਲਿਖਿਆ ਹੈ। ਉਨ੍ਹਾਂ ਵੇਲਿਆਂ ਵਿਚ ਬਹੁਤੀ ਜ਼ਮੀਨ ਬੇ-ਆਬਾਦ, ਬੰਜਰ, ਬਰਾਨੀ ਤੇ ਰੇਤਲੀ ਹੁੰਦੀ ਸੀ। ਅਜਿਹੀਆਂ ਹਾਲਤਾਂ ਜੰਡ ਵਰਗੇ ਪਤਲੇ ਛੋਟੇ ਸਖ਼ਤ ਪੱਤਿਆਂ ਵਾਲੇ ਦਰਖਤਾਂ ਲਈ ਅਨੁਕੂਲ ਸਨ। ਦੂਰ ਦੂਰ ਤੱਕ ਜੇ ਕੋਈ ਦਰਖਤ ਦਿਸਦਾ ਤਾਂ ਜੰਡ, ਕਰੀਰ ਜਾਂ ਵਣ ਹੁੰਦੇ ਸਨ। ਕਹਿੰਦੇ ਹਨ ਜਦੋਂ ਮਿਰਜ਼ਾ ਆਪਣੀ ਘੋੜੀ (ਬੱਕੀ) ਤੇ ਆਪਣੇ ਮਾਮੇ ਦੀ ਧੀ ਸਾਹਿਬਾਂ ਨੂੰ ਬਿਠਾ ਕੇ ਦਾਨਾਬਾਦ ਨੂੰ ਮੁੜਦਾ ਹੈ ਤਾਂ ਸਾਹਿਬਾਂ ਬੱਕੀ ਵੱਲ ਵੇਖ ਕੇ ਸਲਾਹ ਦਿੰਦੀ ਹੈ -- ਕੀ ਐ ਤੇਰੀ ਬੱਕੀ ਮਿਰਜ਼ਿਆ ਕੀ ਐ ਏਹ ਦੀ ਤੋਰ - ਏਹ ਨੇ ਨਈਂ ਤਬੇਲਾ ਕੱਢਣਾ ਏਹ ਦੀ ਘੰਡ ਵਿਚ ਹੈ ਨੀਂ ਜ਼ੋਰ। ਇਹ ਵੀ ਜ਼ਿਕਰ ਆਉਂਦਾ ਹੈ ਕਿ ਮਿਰਜ਼ੇ ਨੂੰ ਬਾਦਸ਼ਾਹ ਦੇ ਅਹਿਲਕਾਰਾਂ ਨੇ ਸਭ ਤੋਂ ਲਿੱਸੀ ਘੋੜੀ ਦਿੱਤੀ ਸੀ। ਬਾਬੂ ਰਜਬ ਅਲੀ ਖ਼ਾਨ ਵੀ ਲਿਖਦਾ ਹੈ -- ਕਾਵਾਂ ਖਾਧੀ ਟੈਰ ਜੀ ਨੂੰ, ਵੀਰ ਦੇ ਤਕੜੇ ਝਾਂਜਰੇ ਛੂਹ ਲਿਆ। ਪਰ ਗ਼ਰੂਰ ਦਾ ਭਰਿਆ ਜੱਟ ਮਿਰਜ਼ਾ ਕਦੋਂ ਮੰਨਣ ਵਾਲਾ ਸੀ। ਉਸ ਦੇ ਗਮਾਨ ਦਾ ਅੰਦਾਜ਼ਾ ਲਾਓ -- ਸਾਹਿਬਾਂ ਬਹਿ ਜਾ ਨਾਲ ਯਕੀਨ ਦੇ, ਮੇਰੀ ਬੱਕੀ ਨਾ ਨਿੰਦ ਕੇ ਜਾ \ ਮੇਰੀ ਬੱਕੀ ਤੋਂ ਡਰਨ ਫ਼ਰੇਸ਼ਤੇ, ਤੇ ਜੱਟ ਤੋਂ ਡਰੇ ਖ਼ੁਦਾ। ਬਾਬੂ ਜੀ ਕੁਛ ਇਉਂ ਲਿਖਦਾ ਹੈ -- ਵੰਡ ਦਿਆਂ ਸਿਆਲਾਂ ਮੇਂ, ਸੱਠਾਂ ਤੇ ਤਿੰਨ ਸੌ ਭੱਥੇ ਵਿਚ ਕਾਨੀ। \ ਅਸਮਾਨ ਪਾੜ ਕੇ ਤੇ, ਚਾੜ੍ਹ ਦਿਆਂ ਲਾਲ ਗਰਦ ਅਸਮਾਨੀ। ਖ਼ੈਰ, ਝੰਗ ਤੋਂ 35 ਮੀਲ ਦੂਰ ਦਾਨਾਬਾਦ ਦੇ ਰਸਤੇ ਵਿਚ ਪੈਂਦੇ ਇਸ ਜੰਡ ਦੇ ਹੇਠ ਠਹਿਰਦੇ ਹਨ। ਮਿਰਜ਼ਾ ਝੱਟ ਕੁ ਢੌਂਕਾ ਲਾਉਣ ਲਈ ਸੁਸਤਾਉਂਦਾ ਹੈ ਤੇ ਬੇਫ਼ਿਕਰਾ ਹੋ ਕੇ ਸੌਂ ਜਾਂਦਾ ਹੈ। ਏਨਾ ਵੱਡਾ ਕਾਰਾ ਤੇ ਏਨੀ ਲਾ-ਪਰਵਾਹੀ ਭਲਾ ਕੀ ਆਖੋ। ਇਸ ਨੂੰ ਸਿਰੇ ਦੀ ਮੂਰਖਤਾ ਜਾਂ ਅੱਤ ਦਾ ਅਭਿਮਾਨ ਜਾਂ ਸ੍ਵੈਭਰੋਸਾ ਕੁਛ ਵੀ ਕਹਿ ਲਵੋ। ਕਿਹਾ ਜਾਂਦਾ ਹੈ ਕਿ ਉਸ ਦੇ ਭੱਥੇ ਵਿਚ 360 ਤੀਰ ਸਨ। ਇਹ ਵੀ ਮਸ਼ਹੂਰ ਹੈ ਕਿ ਸਾਹਿਬਾਂ ਨੇ ਚਾਰ ਕੁ ਛੱਡ ਕੇ ਸਾਰੇ ਤੀਰ ਤੋੜ ਦਿੱਤੇ ਸਨ। ਮੰਦੀ ਕੀਤੀ ਸਾਹਿਬਾਂ ਮੇਰੀਆਂ ਕਾਨੀਆਂ ਦਿੱਤੀਆਂ ਭੰਨ। ਬਾਬੂ ਜੀ ਵੀ ਲਿਖ ਗਏ -- ਹੌਲੀ ਹੋ ਗੀ ਸਾਹਿਬਾਂ ਜੀ, ਜਗਾਤਾ ਯਾਰ ਕਾਨੀਆਂ ਭੰਨ ਕੇ। ਬੱਲੇ ਮਿਰਜ਼ਿਆ


ਮਜਾਰ ਮਿਰਜਾ ਸਾਹਿਬਾਂ


ਗੁਰਦੁਆਰਾ ਜੰਡਸਰ ਸਾਹਿਬ (ਤਲਵੰਡੀ ਸਾਬੋ)




ਤੀਰ ਟੁਟਦਿਆਂ ਦੇ ਖੜਕੇ ਵਿਚ ਵੀ ਘੂਕ ਸੁੱਤਾ ਰਿਹਾ।

ਸਾਹਿਬਾਂ ਦੇ ਭਰਾਵਾਂ ਦੀ ਵਾਹਰ ਆ ਪਹੁੰਚੀ। ਮਿਰਜ਼ਾ ਮਾਰਿਆ ਗਿਆ। ਡਾ. ਸੁਰਿੰਦਰ ਸਿੰਘ ਦੁਸਾਂਝ ਨੇ ਸਾਹਿਬਾਂ ਦੁਆਰਾ ਕਾਨੀਆਂ ਭੰਨਣ ਜਾਂ ਜੰਡ ਤੇ ਤਰਕਸ਼ ਟੰਗਣ ਦੀ ਧਾਰਨਾ ਦਾ ਖੰਡਨ ਕਰ ਕੇ ਸਾਹਿਬਾਂ ਨੂੰ ਇਸ ਦੋਸ਼ ਤੋਂ ਦਲੀਲਾਂ ਨਾਲ ਬਰੀ ਕੀਤਾ ਹੈ। ਸਾਹਿਬਾਂ ਉੱਤੇ ਕਿਸੇ ਕਿੱਸਾਕਾਰ ਨੇ ਇਹ ਦੋਸ਼ ਲਾਇਆ ਜੋ ਅੱਜ ਤੱਕ ਨਹੀਂ ਧੋਤਾ ਗਿਆ -- ਸਾਹਿਬਾਂ ਬਣੀ ਭਰਾਵਾਂ ਦੀ, ਭਾਈਆਂ ਤੋਂ ਯਾਰ ਮਰਾ ਤਾ। ਸਾਹਿਬਾਂ ਦੇ ਉਲਾਂਭੇ ਲਾਹੁਣ ਵਾਲੇ ਕਵੀ ਨੇ ਦਰੁਸਤ ਫੁਰਮਾਇਆ ਹੈ -- ਮਿਰਜ਼ਾ ਮਾਰਿਆ ਮਲਕੁਲ ਮੌਤ ਨੇ, ਜਾਂ ਮਾਰਿਆ ਓਸ ਨੂੰ ਗੁਮਾਨ। ਮੋਢੀ ਕਿੱਸਾਕਾਰ ਪੀਲੂ ਦੇ ਬੋਲ ਵੀ ਸਹੀ ਨਿਰਣਾ ਕਰਦੇ ਹਨ -- ਜੰਡ ਦਿਆ ਜੰਡੋਰਿਆ ਤੂੰ ਕਰੀਂ ਨਿਆਉਂ \ ਤੂੰ ਦੂਣਾ ਫਲੇਂ ਚੌਗੁਣਾ, ਤੇਰੀ ਮਹਿੰਦੀ ਮਾਣੇ ਛਾਉਂ। ਪੀਲੂ ਦੀ ਮੁਰਾਦ ਪੂਰੀ ਹੋਈ। ਓਹੀ ਜੰਡ ਹੁਣ ਦੂਣਾ-ਚੌਣਾ ਫੈਲਿਆ ਹੋਇਆ ਹੈ। ਟੇਢੇ ਰੁਖ ਖੜ੍ਹੇ ਇਸ ਜੰਡ ਦੇ ਨਾਲ ਹੀ ਮਿਰਜ਼ੇ ਦੀ ਮਜ਼ਾਰ ਹੈ। ਕੋਲ ਹੀ ਉਸ ਘਟਨਾ ਦਾ ਚਸ਼ਮਦੀਦ ਗਵਾਹ ਵਣ ਦਾ ਦਰਖਤ ਹਰਿਆ ਭਰਿਆ ਹੈ ਤੇ ਓਹੀ ਚਾਰ-ਪੰਜ ਸੌ ਸਾਲ ਪੁਰਾਣੀ ਛਪੜੀ ਵੀ ਉਵੇਂ ਕਾਇਮ ਹੈ। ਮਜ਼ਾਰ ਦੇ ਪਿਛਲੇ ਪਾਸੇ ਬੱਕੀ ਦੀ ਕਬਰ ਹੈ ਜਿਹੜੀ ਮਿਰਜ਼ੇ ਦੇ ਵਿਯੋਗ ਵਿਚ ਬਿਨਾ ਖਾਧੇ ਪੀਤੇ ਕੁੱਝ ਦਿਨਾਂ ਅੰਦਰ ਇੱਥੇ ਹੀ ਪ੍ਰਾਣ ਤਿਆਗ ਗਈ ਸੀ ਤੇ ਉਸ ਨੂੰ ਇਸੇ ਥਾਂ ਦਫ਼ਨਾ ਦਿੱਤਾ ਗਿਆ ਸੀ। ਹਰ ਸਾਲ 15-16 ਚੇਤਰ ਨੂੰ ਇਸ ਮਜ਼ਾਰ ਤੇ ਉਰਸ (ਮੇਲਾ) ਭਰਦਾ ਹੈ।

ਜੰਡ ਨੂੰ ਅਮਰਤਾ ਬਖ਼ਸ਼ਣ ਵਾਲਾ ਦੂਜਾ ਪ੍ਰਸੰਗ ਸਿੱਖ ਗੁਰੂ ਸਾਹਿਬਾਨ ਨਾਲ ਜੁੜਿਆ ਹੋਇਆ ਹੈ। ਦੋ ਮੋਟੀਆਂ ਜਿਉਂਦੀਆਂ ਜਾਗਦੀਆਂ ਯਾਦਗਾਰੀ ਮਿਸਾਲਾਂ ਹਨ, ਭਾਵੇਂ ਹੋਣਗੀਆਂ ਤਾਂ ਹੋਰ ਵੀ। ਇੱਕ ਤਾਂ ਬਠਿੰਡੇ ਦੇ ਪੁਰਾਣੇ ਇਤਿਹਾਸਕ ਕਿਲੇ ਅੰਦਰ ਜਿਹੜਾ ਜੰਡ ਹੈ, ਉਸ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਘੋੜਾ ਬੰਨ੍ਹਿਆਂ ਸੀ। ਦੂਜਾ ਜੰਡ ਤਲਵੰਡੀ ਸਾਬੋ (ਦਮਦਮਾ ਸਾਹਿਬ-ਗੁਰੂ ਕੀ ਕਾਂਸ਼ੀ) ਵਿਖੇ ਹੈ। ਇਸ ਜੰਡ ਨਾਲ ਵੀ ਗੁਰੂ ਸਾਹਿਬ ਨੇ ਘੋੜਾ ਬੰਨ੍ਹਿਆਂ ਸੀ। ਇਸ ਥਾਂ ਤੇ ਗੁਰਦੁਆਰਾ ਜੰਡਸਰ ਸਾਹਿਬ ਅਤੇ ਸਰੋਵਰ ਹੈ। ਇੱਥੇ ਹੋਰ ਵੀ ਕਈ ਭਰਵੇਂ ਤੇ ਭਾਰੇ ਜੰਡ ਦੇ ਦਰਖਤ ਹਨ। ਗੁਰੂ ਸਾਹਿਬ ਨੇ ਇੱਥੇ ਨੌਂ ਮਹੀਨੇ ਨੌਂ ਦਿਨ ਰਹਿ ਕੇ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਲਿਖਵਾਈ ਸੀ। ਇਨ੍ਹਾਂ ਸਾਰੇ ਜੰਡਾਂ ਦੀ ਉਮਰ ਦਾ ਅੰਦਾਜ਼ਾ ਤਾਂ ਕਾਰਬਨ-ਡੇਟਿੰਗ ਨਾਲ ਹੀ ਲੱਗ ਸਕਦਾ ਹੈ। ਸ਼ਰਧਾਲੂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਦੇ, ਸਰੋਵਰ ਵਿਚ ਇਸ਼ਨਾਨ ਕਰਦੇ ਹੋਏ ਇਸ ਜੰਡ ਨੂੰ ਸ਼ਰਧਾ-ਭਾਵ ਨਾਲ ਨਿਹਾਰਦੇ ਹਨ।

ਇੱਕ ਹੋਰ ਸ਼ਰਧਾ ਵਾਲਾ ਅਕੀਦਾ ਜੰਡ ਨਾਲ ਜੁੜਿਆ ਹੋਇਆ ਹੈ। ਜੰਡ ਨੂੰ ਖੇਤਪਾਲ ਮੰਨ ਕੇ ਇਸ ਦੀ ਪੂਜਾ ਕੀਤੀ ਜਾਂਦੀ ਹੈ। ਇਸ ਦਾ ਇੱਕ ਜ਼ਿਕਰ ਪੰਡਤ ਲਾਲ ਚੰਦ ਕਵੀਸ਼ਰ ਦੇ ਕੌਲਾਂ ਦੇ ਕਿੱਸੇ ਵਿਚ ਮਿਲਦਾ ਹੈ। ਜਦੋਂ ਰਾਜਾ ਰਸਾਲੂ ਆਪਣੇ ਵਜ਼ੀਰ ਬੀਜੇ ਮੱਲ ਨੂੰ ਸਾਜ਼ਿਸ਼ ਤਹਿਤ ਘੋੜੇ ਖਰੀਦਣ ਲਈ ਭੇਜ ਦਿੰਦਾ ਹੈ। ਬੀਜੇ ਦੀ ਸਤਵੰਤੀ ਨਾਰ ਕੌਲਾਂ ਦੀ ਪ੍ਰੀਖਿਆ ਲਈ ਰਸਾਲੂ ਰਾਤ ਵੇਲੇ ਉਸ ਦੇ ਘਰ ਪਹੁੰਚਦਾ ਹੈ ਪਰ ਸੱਤ ਜੰਦਰੇ ਵੇਖ ਕੇ ਖੋਲ੍ਹਣ ਦੀ ਵਿਉਂਤ ਸੋਚਦਾ ਦੇਵੀ ਦੇਵਤਿਆਂ ਦਾ ਸਹਾਰਾ ਲੈਂਦਾ ਹੈ। ਉਸ ਛੰਦ ਵਿਚ ਇਹ ਸਤਰ ਵੀ ਹੈ --ਖੇਤਪਾਲ ਮੈਂ ਜੰਡ ਨੂੰ ਰੋਜ਼ ਪੂਜੂੰ, ਤੇਲ ਲਾਊਂ ਸੰਧੂਰ ਚੜ੍ਹਾਉਣ ਲੱਗਾ। ਹੁਣ ਵੀ ਕਈ ਥਾਈਂ ਕਈ ਜੰਡ ਵੇਖੇ ਜਾ ਸਕਦੇ ਹਨ ਜਿਨ੍ਹਾਂ ਦੇ ਤਣੇ ਦੁਆਲੇ ਸੰਧੂਰ ਭੁੱਕ ਕੇ ਖੰਮ੍ਹਣੀਆਂ ਬੰਨ੍ਹੀਆਂ ਮਿਲਦੀਆਂ ਹਨ।

ਇੱਕ ਹੋਰ ਰਿਵਾਜ ਰਿਹਾ ਹੈ ਪਰ ਅਲੋਪ ਹੋ ਚੁੱਕਿਆ ਹੈ। ਬਰਾਤ ਚੜ੍ਹਨ ਵੇਲੇ ਲਾੜਾ ਜਦੋਂ ਘਰੋਂ ਵਿਦਾ ਹੁੰਦਾ ਹੈ ਤਾਂ ਚਾਰ ਕੁੜੀਆਂ ਉਸ ਦੇ ਸਿਰ ਤੇ ਫੁਲਕਾਰੀ ਤਾਣ ਕੇ ਤੁਰਦੀਆਂ ਹਨ, ਪਿੰਡੋਂ ਬਾਹਰ ਬਖੂਹੇ ਤੇ ਖੜੋਤੇ ਜੰਡ ਦੁਆਲੇ ਲਾੜਾ ਸੱਤ ਗੇੜੇ ਕਢਦਾ ਹੈ, ਹਰ ਗੇੜੇ ਹੱਥ ਵਿਚ ਫੜੇ ਸਫ਼ਾਜੰਗ ਟਾਕੂਏ ਨਾਲ ਜੰਡ ਤੇ ਪੋਲਾ ਜਿਹਾ ਟੱਕ ਮਾਰਦਾ ਹੈ। ਮੈਂ ਇੱਕ ਕਵਿਤਾ ਵਿਚ ਇਸ ਦਾ ਅੱਖੀਂ ਵੇਖਿਆ ਦ੍ਰਿਸ਼ ਇਉਂ ਖਿੱਚਿਆ ਸੀ -- ਕਦੇ ਕੋਈ ਉਸ ਰਾਹੇ ਦਿੱਸੇ, ਸੂਹ ਫੁਲਕਾਰੀ ਤਾਣੀ \ ਲਾੜੇ ਦੇ ਸਿਰ ਉੱਤੋਂ ਵਾਰੇ, ਮਾਂ ਚਾਵਾਂ ਦਾ ਪਾਣੀ \ ਓਸ ਬਖੂਹੇ ਕੋਲ ਖੜੋ ਕੇ, ਉਸ ਜੰਡੀ ਦੇ ਲੌਣੇ \ ਦੇਹ ਸੱਤ ਗੇੜੇ ਜੰਡੀ ਵੱਢੇ, ਤੁਰੇ ਵਿਆਹੁਣ ਰਾਣੀ।

ਜੰਡ ਦੀ ਉਮਰ ਬਹੁਤ ਲੰਮੀ ਹੁੰਦੀ ਹੈ। ਇਸ ਦਾ ਇੱਕ ਕਾਰਨ ਤਾਂ ਇਸ ਦੀਆਂ ਖ਼ੁਰਾਕੀ ਲੋੜਾਂ ਬਹੁਤ ਘੱਟ ਹਨ। ਇਸ ਦੀਆਂ ਟਹਿਣੀਆਂ ਅਤੇ ਪੱਤੇ ਅੱਤ ਦੀ ਗਰਮੀ, ਸਰਦੀ, ਸੋਕੇ, ਲੋਆਂ, ਸੀਤ ਹਵਾਵਾਂ, ਹਨੇਰੀਆਂ ਅਤੇ ਝੱਖੜਾਂ ਨੂੰ ਝੱਲਣ ਦੇ ਸਮਰੱਥ ਹਨ। ਇਸ ਦੀਆਂ ਜੜ੍ਹਾਂ, ਖਾਸ ਕਰ ਕੇ ਮੂਸਲੀ (Tap roots) ਬਹੁਤ ਲੰਮੀਆਂ ਤੇ ਡੂੰਘੀਆਂ ਹੁੰਦੀਆਂ ਹਨ ਜੋ ਔੜਾਂ ਸਮੇ ਵੀ ਜ਼ਮੀਨ ਦੇ ਹੇਠੋਂ ਪਾਣੀ ਖਿੱਚ ਕੇ ਸਾਰ ਲੈਂਦੀਆਂ ਹਨ। ਕਿਸੇ ਗਵੱਈਏ ਦਾ ਗਾਇਆ ਇਹ ਬੰਦ ਲੋਕ-ਗੀਤ ਬਣ ਗਿਆ ਹੈ --

ਥੋੜ੍ਹੀ ਉਮਰ ਪ੍ਰਭੂ ਨੇ ਬੰਦਿਆਂ ਦੀ ਲਿਖਲੀ,
ਮੇਰੀਆਂ ਜੜ੍ਹਾਂ ਜੰਡ ਦੀਆਂ ਪਾਤਾਲਾਂ ਵਿਚ ਜੜੀਆਂ।
ਯਾਰੀ ਲਾਉਣੀ ਹੈ ਤਾਂ ਲਾ ਲੈ ਨਾਲ ਜੰਡੋਰੇ ਦੇ,
ਤੇਰੀਆਂ ਕਈ ਮੈਂ ਲੰਘਾਦੂੰ ਬੁਢੜਿਆ ਸਦੀਆਂ।

ਉੱਤਰੀ ਅਮਰੀਕਾ ਦੀ ਮੂਲਨਿਵਾਸੀ ਓਜੀਬਵੇ ਲੇਖਿਕਾ ਲੂਈਸ ਅਰਡਰਿਕ ਆਪਣੇ ਨਾਵਲ ਦ ਸੈਨਟੈਨਸ ਵਿਚ ਦਰਖਤ ਦੇ ਸਬੰਧ ਵਿਚ ਲਿਖਦੀ ਹੈ --ਜਿਤਨਾ ਉੱਪਰ, ਉਤਨਾ ਹੇਠਾਂ।

ਜੰਡ ਦੀ ਲੱਕੜੀ ਬਹੁਤ ਸਖਤ ਹੁੰਦੀ ਹੈ। ਇਸ ਵਿਚ ਸਾਰੀਆਂ ਲੱਕੜਾਂ ਤੋਂ ਵੱਧ ਅੱਗ ਹੁੰਦੀ ਮੰਨੀ ਜਾਂਦੀ ਹੈ। ਜੰਡ ਦੇ ਪੱਤੇ ਅਤੇ ਕਰੂੰਬਲਾਂ ਨੂੰ ਪੇਟ ਲਈ ਅਤੇ ਹਜ਼ਮ-ਪ੍ਰਣਾਲੀ ਲਈ ਬਹੁਤ ਗੁਣਕਾਰੀ ਮੰਨਿਆਂ ਜਾਂਦਾ ਹੈ। ਇਸ ਦੀਆਂ ਹਰੀਆਂ ਕਚਾਰ ਲੈਰੀਆਂ ਲੰਮੀਆਂ ਫਲੀਆਂ ਦਾ ਦਹੀਂ ਵਿਚ ਪਾ ਕੇ ਬਣਾਇਆ ਰੈਤਾ ਬਹੁਤ ਸੁਆਦ ਵੀ ਹੁੰਦਾ ਹੈ ਤੇ ਪੌਸ਼ਟਿਕ ਵੀ। ਫਲੀਆਂ ਦਾ ਰੈਤਾ ਤਾਂ ਨਿਆਮਤ ਹੈ। ਹੁਣ ਵੀ ਯਾਦ ਕਰ ਕੇ ਮੂੰਹ ਵਿਚ ਪਾਣੀ ਆ ਜਾਂਦਾ ਹੈ। ਹਲਕੇ ਪੀਲੇ ਰੰਗ ਦੇ ਫੁੱਲ ਬੰਜਰ ਵਿਚ ਨਜ਼ਾਰਾ ਪੇਸ਼ ਕਰਦੇ ਹਨ। ਫਲੀਆਂ ਜਦੋਂ ਪੱਕ ਜਾਂਦੀਆਂ ਹਨ ਇਨ੍ਹਾਂ ਨੂੰ ਖੋਖੇ ਕਹਿੰਦੇ ਹਨ। ਖਾਣ ਨੂੰ ਮਿਠਾਸ ਵਾਲੇ ਹੁੰਦੇ ਹਨ। ਹੇਠਾਂ ਡਿੱਗੇ ਖੋਖਿਆਂ ਨੂੰ ਬੱਕਰੀਆਂ ਭੱਜ ਕੇ ਪੈਂਦੀਆਂ ਹਨ। ਜਦੋਂ ਚਰਨ ਲਈ ਹੋਰ ਝਾੜੀਆਂ ਜਾਂ ਬਨਸਪਤੀ ਦੀ ਹਰਿਆਲੀ ਨਾ ਰਹੇ ਤਾਂ ਜੰਡ ਦੀਆਂ ਡਾਹਣੀਆਂ ਤੋਂ ਲੁੰਗ ਚਰ ਕੇ ਗੁਜ਼ਾਰਾ ਕਰਦੀਆਂ ਹਨ। ਇਸ ਕਰ ਕੇ ਵੀ ਇਨ੍ਹਾਂ ਦਾ ਦੁੱਧ ਬੀਮਾਰਾਂ ਲਈ ਗੁਣਕਾਰੀ ਹੁੰਦਾ ਹੈ। ਜੰਡ ਇਸ਼ਕ ਮਜਾਜ਼ੀ ਦਾ ਚਿੰਨ੍ਹ ਹੈ ਤਾਂ ਇਸ ਦੇ ਹੇਠਾਂ ਕੋਈ ਮੁਟਿਆਰ ਦਿੱਸਣ ਦਾ ਨਜ਼ਾਰਾ ਰੁਮਾਂਚਕ ਕਿਉਂ ਨਾ ਹੋਵੇ। ਪਸ਼ੂਆਂ ਦੇ ਵਾੜੇ ਦੀ ਵੱਟ ਤੇ ਜੰਡ ਦਾ ਦਰਖਤ, ਉਸਦੇ ਹੇਠਾਂ ਨਰਮੇ ਦੀਆਂ ਛਟੀਆਂ ਦਾ ਛੌਰ, ਛੌਰ ਤੇ ਖੜ੍ਹੀ ਮੁਟਿਆਰ ਲਪਕ ਕੇ ਫਲੀਆਂ ਤੋੜਦੀ ਹੋਵੇ ਤੇ ਮੇਰੇ ਵਰਗਾ ਵੇਖ ਕੇ ਤੇ ਮਚਲ ਕੇ ਗੀਤ ਲਿਖਣੋ ਕਿਵੇਂ ਰਹਿ ਜਾਵੇ --

ਨਾਜ਼ਕ ਬਰੀਕ ਉਂਗਲਾਂ ਹਾਏ ਵਿਚ ਫਲੀਆਂ ਦੇ ਰੁਲੀਆਂ।
ਡਾਹਣੀਆਂ ਦੇ ਵਿੱਚੇ ਲੁਕ ਗੀ ਦੋ ਦਿਸਣ ਪਿਆਜ਼ੀ ਬੁੱਲ੍ਹੀਆਂ।
ਮੋਟੇ ਮੋਟੇ ਨੈਣ ਦਿਸਦੇ ਮੁੰਡੇ ਬਹਿਗੇ ਕਾਲਜਾ ਫੜ ਕੇ।
ਜੰਡ ਦੀਆਂ ਤੋੜੇ ਫਲੀਆਂ ਨਾਜ਼ੋ ਛਟੀਆਂ ਦੇ ਛੌਰ ਉੱਤੇ ਚੜ੍ਹ ਕੇ।

ਜੰਡ ਦੀਆਂ ਡਾਹਣੀਆਂ ਤੇ ਨਿੱਕੇ ਨਿੱਕੇ ਕੰਡੇ ਹੁੰਦੇ ਹਨ। ਮੋਹੜੀਆਂ ਵੱਢ ਕੇ ਖੇਤਾਂ ਦੁਆਲੇ ਵਾੜ ਕੀਤੀ ਜਾਂਦੀ ਸੀ ਤਾਂ ਜੋ ਡੰਗਰ ਪਸ਼ੂ ਫਸਲਾਂ ਦਾ ਉਜਾੜਾ ਨਾ ਕਰਨ।ਜਦੋਂ ਥਰੈਸ਼ਰ ਤੇ ਕੰਬਾਈਨਾ ਨਹੀਂ ਸਨ, ਉਦੋਂ ਕਣਕ ਦੀ ਹੱਥੀਂ ਵਾਢੀ ਕਰ ਕੇ ਮੰਡਲੀਆਂ ਲਾਉਂਦੇ, ਪਿੜਾਂ ਵਿਚ ਢੋਂਹਦੇ ਜਿੱਥੇ ਲਾਂਗਾ ਵਿਛਾ ਕੇ ਉਪਰ ਬਲਦਾਂ ਜਾਂ ਉੱਠਾਂ ਮਗਰ ਫਲ੍ਹਾ ਪਾਕੇ ਲਾਂਗਾ ਗਾਹਿਆ ਜਾਂਦਾ ਸੀ। ਗਾਹੁਣ ਮਗਰੋਂ ਧੜ ਉਡਾ ਕੇ ਦਾਣੇ ਤੇ ਤੂੜੀ ਅਲਗ ਕੀਤੇ ਜਾਂਦੇ ਸਨ। ਇਹ ਫਲ੍ਹੇ ਆਮ ਤੌਰ ਤੇ ਜੰਡ ਦੀਆਂ ਮੋਹੜੀਆਂ ਦੇ ਬਣਦੇ ਸਨ। ਉਦੋਂ ਹੋਰ ਦਰਖਤ ਘੱਟ ਹੋਣ ਕਰ ਕੇ ਜੰਡ ਦੀ ਛਾਂ ਦੁਰਲੱਭ ਹੁੰਦੀ ਸੀ। ਉਪ੍ਰੋਕਤ ਗੁਣਾਂ ਕਰ ਕੇ ਜੰਡ ਨੂੰ ਖੇਤਪਾਲ ਕਹਿ ਕੇ ਪੂਜਣਯੋਗ ਮੰਨਣਾ ਅ-ਢੁਕਵਾਂ ਨਹੀਂ ਕਹਿ ਸਕਦੇ। ਉੱਤਰੀ ਅਮਰੀਕਾ ਦੇ ਮੂਲਨਿਵਾਸੀ ਦਰਖਤਾਂ ਨੂੰ ਪੂਜਣਯੋਗ ਦਾ ਦਰਜਾ ਦਿੰਦੇ ਹਨ। ਜੇ ਕਿਤੇ ਜੰਡ ਦੇ ਦਰਖਤ ਬੋਲ ਸਕਦੇ ਹੋਣ ਤਾਂ ਅਨੇਕਾਂ ਸਦੀਆਂ ਦਾ ਅੱਖੀਂ ਵੇਖਿਆ ਇਤਿਹਾਸ ਰੂ-ਬ-ਰੂ ਬਿਆਨ ਕਰ ਸਕਦੇ ਹਨ। ਖ਼ੁਦਗਰਜ਼ ਇਨਸਾਨ ਬੇ-ਰੁਖੀ ਨਾਲ ਅਜਿਹੇ ਦਰਖਤਾਂ ਦਾ ਨਾਂ-ਨਿਸ਼ਾਨ ਮਿਟਾਉਣ ਲੱਗਿਆ ਅੱਗਾ-ਪਿੱਛਾ ਨਹੀਂ ਵਿਚਾਰਦਾ। ਪਹਿਲਾਂ ਜਮਾਬੰਦੀ ਨੇ, ਫਿਰ ਘਣੀ ਬਹੁ-ਫਸਲੀ ਖੇਤੀ ਨੇ ਹਰ ਤਰ੍ਹਾਂ ਦੇ ਦਰਖਤਾਂ ਦਾ ਘਾਣ ਕੀਤਾ, ਖੇਤਾਂ ਦੇ ਖੇਤ ਘੋਨੇ ਕਰ ਦਿੱਤੇ। ਰਹਿੰਦੀ ਕਸਰ ਝੋਨੇ ਦੀ ਫਸਲ ਹੇਠ ਆਏ ਰਕਬੇ ਵਿਚ ਲਗਾਤਾਰ ਛੱਪੜ ਵਾਂਗ ਖੜ੍ਹੇ ਪਾਣੀ ਨੇ ਕੱਢ ਦਿੱਤੀ। ਪਰ ਜੋ ਮਰਜ਼ੀ ਹਾਲਾਤ ਬਣਦੇ ਰਹਿਣ, ਜੰਡ ਆਪਣੀ ਹੋਂਦ ਨਹੀਂ ਖੁਰਨ ਦੇਵੇਗਾ - ਇੱਕ ਤਾਂ ਪ੍ਰੀਤ ਕਹਾਣੀਆਂ ਦਾ ਗਵਾਹ ਬਣ ਕੇ, ਮਜ਼ਾਰ ਤੇ ਚੱਤੋਪਹਿਰ ਪਹਿਰਾ ਦੇਣ ਕਰ ਕੇ ਅਤੇ ਦੂਜਾ ਗੁਰੂ ਗੋਬਿੰਦ ਸਿੰਘ ਜੀ ਦੀ ਹਸਤ-ਛੋਹ ਕਰ ਕੇ, ਗੁਰਦੁਆਰਿਆਂ ਦੀ ਸਾਖਿਆਤ ਯਾਦਗਾਰ ਵਜੋਂ ਹਰੀ ਭਰੀ ਨਿਸ਼ਾਨੀ ਦੇ ਰੂਪ ਵਿਚ ਵਿਦਮਾਨ ਹੋਣ ਕਰ ਕੇ। ਖੇਤੀਬਾੜੀ ਦਾ ਇਤਿਹਾਸ ਲਿਖਣ ਵੇਲੇ ਫਲ੍ਹਿਆਂ ਦਾ ਜ਼ਿਕਰ ਕਰਨਾ ਕੋਈ ਅਕਲ ਦਾ ਅੰਨ੍ਹਾਂ ਹੀ ਭੁੱਲ ਸਕੇਗਾ। ਹੁਣ ਤਾਂ ਸ਼ਾਇਰਾਂ ਨੂੰ ਵੀ ਜੰਡ ਦੇ ਜ਼ਿਕਰ ਤੋਂ ਬਿਨਾ ਮਿਰਜ਼ੇ ਦੀ ਗੱਲ ਕਰਨੀ ਐਵੇਂ ਲਗਦੀ ਹੈ। ਮਿਸਾਲ ਦੇ ਤੌਰ ਤੇ ਉੱਘੀ ਸ਼ਾਇਰਾ ਸੁਰਿੰਦਰ ਗੀਤ ਨੂੰ ਤਾਂ ਸਾਰੇ ਜੰਡ ਹੀ ਮਿਰਜ਼ੇ ਦੀਆਂ ਬਾਤਾਂ ਪਾਉਂਦੇ ਜਾਪਦੇ ਹਨ --

ਇੱਕ ਚੀਕ ਸੁਣਾਈ ਦਿੰਦੀ ਹੈ \ ਪੌਣਾਂ ਵਿਚ ਸ਼ੋਰ ਸਰਾਬਾ ਹੈ \ ਲਗਦਾ ਹੈ ਸਾਰੇ ਜੰਡਾਂ ਨੂੰ \ ਅੱਜ ਮਿਰਜ਼ਾ ਚੇਤੇ ਆਇਆ ਹੈ।

ਜਿਵੇਂ ਗਲੋਬਲ ਵਾਰਮਿੰਗ ਅਤੇ ਝੋਨੇ ਦੀ ਅੰਨ੍ਹੇਵਾਹ ਕਾਸ਼ਤ ਸਦਕਾ ਦਰਿਆਈ ਅਤੇ ਧਰਤੀ ਹੇਠਲਾ ਪਾਣੀ ਮੁੱਕਣ ਦੀ ਕਗਾਰ ਤੇ ਹੈ ਤਾਂ ਆਉਣ ਵਾਲੇ ਖ਼ੁਸ਼ਕੀ ਤੇ ਬਰਾਨੀ ਹਾਲਤਾਂ ਸਮੇਂ ਜੰਡ ਵਰਗੇ ਦਰਖਤਾਂ ਦੀ ਮੁੜ ਲੋੜ ਪੈ ਸਕਦੀ ਹੈ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA • RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

ARROW DRYWALL INC.
The Name You Can Trust
• Insulation
• Drywall
• Taping
• Texturing
• Blow Insulation
Products of Services:
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ •
ਡਰਾਈਵਾਲ •
ਟੇਪਿੰਗ •
ਬਲੋ ਇੰਸੂਲੇਸ਼ਨ •
ਟੈਕਸਚਰਿੰਗ •



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500




VOLVO
Volvo Cars Royal Oak
ਅਸੀਂ ਪੰਜਾਬੀ ਬੋਲਦੇ ਹਾਂ,ਤਾਂ ਕਿ ਗੱਡੀ ਖਰੀਦਣ ਮੌਕੇ ਤੁਹਾਡੀ ਪੂਰੀ ਤਸੱਲੀ ਹੋ ਸਕੇ!
Your local Volvo Specialist
Manpreet Singh Sidhu
SALES ADVISOR
587 287 0470
manpreets@volvocarsroyaloak.com
Speaks Punjabi
Speaks Hindi
Volvo Cars Royal Oak
7015 112 Avenue NW
Calgary, Alberta
587-287-0470
volvocarsroyaloak.com


Counselling Supports for Immigrant Families (Chestermere)
A Safe Place to Talk
free one-on-one consultations for connection, navigation, and referrals
Every Tuesday and Thursday we can help to:
• Learn ways to positively communicate with your children
• Resolve relationship challenges with your partner or family members
• Manage the stress of being a newcomer
• Deal with overwhelming feelings, depression, or anxiety
• Find resources and solutions tailored to your needs
Contact us today:
Davina Gill (Punjabi Speaking Counsellor)
403-519-5460 (text or call)
DavinaG@ciwa-online.com
101, 340 Merganser Dr. W. Chestermere


SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


ਦੀਵਾਲੀ ਅਤੇ
ਬੰਦੀ ਛੋੜ
ਦਿਵਸ ਦੀਆਂ
ਬਹੁਤ ਬਹੁਤ
ਵਧਾਈਆਂ
www.GeorgeChahalMP.ca
101-7 Westwinds Cres NE
Calgary, Alberta
403-291-0018
George Chahal
MEMBER OF PARLIAMENT
CALGARY SKYVIEW


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
Mega Sanjha Punjab
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8

MP CHAHAL'S
2ND ANNUAL JOB FAIR




November 4th
3pm-5pm
Genesis Centre

REGISTER NOW!

GEORGECHAHALMP.CA/EVENTS



New Homes from the Low $500s

Ambleton
A Qualico Community

ਕੈਲਗਰੀ ਦਾ ਨਵਾਂ ਨਾਰਥ

ਇਸਦੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਂਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ 'ਨਾਰਥ ਵੈਸਟ ਕੈਲਗਰੀ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਦਰਸਾਉਂਦਾ ਹੈ। ਖੇਡ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਕਮਿਊਨਿਟੀ ਦੀ ਖੋਜ ਕਰਨਾ ਆਸਾਨ ਬਣਾਉਂਦੇ ਹਨ। ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ, ਐਂਬਲਟਨ ਕੋਲ ਉਹ ਸਭ ਕੁਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।

Laned Homes from the low $500s
Front Garage from the mid $600s

ਨਵੇਂ ਪਾਰਕ | ਟਾਊਨ ਹੋਮ ਛੇਤੀ ਆ ਰਹੇ ਹਨ | ਕਮਰੀਸ਼ਅਲ ਦੇ ਨੇੜੇ | 7.3 ਕਿਲੋਮੀਟਰ ਪੈਦਲ ਰਸਤਾ | 5 ਪਾਰਕ | ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ | ਹਾਈ ਸਕੂਲ ਦੀ ਭਵਿੱਖੀ ਯੋਜਨਾ

ਆਪਣੇ ਸੁਪਨਿਆਂ ਦਾ ਘਰ ਸਾਡੇ ਇਹਨਾਂ ਐਵਾਰਡ ਜੇਤੂ ਬਿਲਡਿਰਾਂ ਕੋਲੋਂ ਬਣਵਾਓ
Shane Homes · Sterling Homes · Trico Homes
Broadview Homes · Jayman Built · StreetSide Developments

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ ਉੱਪਰ ਜਾਓ
liveinambleton.com

WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com



Sunder Building Supplies Ltd.
We believe in quality
- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories

Stucco | Paper | Flashing | Wiring

Free Estimate BEST Rates

Nirvair Singh Johal 403-690-8700
Bhajan Singh Johal 403-561-0227

4612, 6 STREET NE CALGARY, AB

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD.
Goliath Tractor Service Ltd.
Rig Logistics is now Hiring Long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

# $300*

# ਬਚਤ ਦੇ ਆਸਾਨ ਤਰੀਕੇ।

ਜਦੋਂ ਤੁਸੀਂ ATB ਨੂੰ ਅਜ਼ਮਾਉਂਦੇ ਹੋ,
ਬੈਂਕ ਖਾਤਾ ਤਾਂ ਸਿਰਫ਼ ਇੱਕ ਸ਼ੁਰੂਆਤ ਹੈ।

ATB POWERING POSSIBILITY™

atb.com/bonus300 ਤੇ ਹੋਰ ਜਾਣੋ

*ਨਿਯਮ ਅਤੇ ਸ਼ਰਤਾਂ ਲਾਗੂ ਹਨ


SOUTH POINT
A MASTER PLANNED COMMUNITY
70 ਏਕੜ
ਰਿਹਾਇਸੀ
ਕਮਿਓਨਿਟੀ ਵਿੱਚ ਘਰ
ਹੁਣ ਵੇਚੇ ਜਾ ਰਹੇ ਹਨ
MODERN SINGLE FAMILY HOMES
BACK TO BACK TOWNHOMES
DUPLEX HOMES
SINGLE FAMILY LANE HOMES
URBAN TOWNHOMES
ROWHOMES
403.980.1979 | VESTASOUTHPOINT.COM
VESTA PROPERTIES
Sales Centre & Showhomes
600 South Point Heath SW, Airdrie, AB
Renderings are an artist's conception and are intended as a general reference only.

## ਯੂ.ਕੇ : ਸਿੱਖ ਜਿਊਰੀ ਮੈਂਬਰ ਨੂੰ ਸ੍ਰੀ ਸਾਹਿਬ ਪਾ ਕੇ ਅਦਾਲਤ 'ਚ ਦਾਖ਼ਲ ਹੋਣ ਤੋਂ ਰੋਕਿਆ, ਬਾਅਦ ਵਿੱਚ ਮੰਗੀ ਮੁਆਫ਼ੀ



ਬਰਮਿੰਘਮ,(ਪੰਜਾਬੀ ਅਖਬਾਰ ਬਿਊਰੋ)-ਇੰਗਲੈਂਡ ਵਿਚ ਇੱਕ ਸਿੱਖ ਵਿਅਕਤੀ ਨੂੰ ਸ੍ਰੀ ਸਾਹਿਬ ਪਾਉਣ ਕਾਰਨ ਜਿਊਰੀ ਸੇਵਾ ਵਿੱਚ ਹਿੱਸਾ ਲੈਣ ਤੋਂ ਰੋਕਿਆ ਗਿਆ। ਇਸ ਕਾਰਵਾਈ ਤੇ ਸਿੱਖ ਨੇ ਕਿਹਾ ਕਿ ਉਸਨੂੰ ਸ਼ਰਮ ਅਤੇ ਵਿਤਕਰਾ ਮਹਿਸੂਸ ਹੋਇਆ। ਸਮੈਥਵਿਕ ਦੇ ਰਹਿਣ ਵਾਲੇ ਜਤਿੰਦਰ ਸਿੰਘ ਨੂੰ ਸੋਮਵਾਰ ਨੂੰ ਬਰਮਿੰਘਮ ਕਰਾਊਨ ਕੋਰਟ ਵਿੱਚ ਜਿਊਰੀ ਵਜੋਂ ਕੰਮ ਕਰਨ ਲਈ ਬੁਲਾਇਆ ਗਿਆ ਸੀ। ਉਸਨੇ ਕਿਹਾ ਕਿ ਇੱਕ ਸੁਰੱਖਿਆ ਗਾਰਡ ਨੇ ਸ੍ਰੀ ਸਾਹਿਬ ਪਹਿਨਣ ਕਾਰਨ ਉਸਨੂੰ ਅਦਾਲਤ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ। ਨਿਆਂ ਮੰਤਰਾਲਾ ਨੇ ਕਿਹਾ ਕਿ ਸਿੰਘ ਨੂੰ ਉਸ ਦੀਆਂ ਡਿਊਟੀਆਂ ਤੋਂ ਹਟਾ ਦਿੱਤਾ ਗਿਆ ਕਿਉਂਕਿ ਲੋੜੀਂਦੇ ਜੱਜਾਂ ਦੀ ਗਿਣਤੀ ਜ਼ਿਆਦਾ ਸੀ। ਜ਼ਿਕਰਯੋਗ ਹੈ ਕਿ ਖਾਲਸਾ ਸਿੱਖ ਹਰ ਸਮੇਂ ਆਪਣੇ ਨਾਲ ਪੰਜ ਕਕਾਰ-ਕੇਸ, ਕੰਘਾ, ਕੜਾ, ਕਛਹਿਰਾ, ਕਿਰਪਾਨ ਨੂੰ ਆਪਣੇ ਧਾਰਮਿਕ ਵਿਸ਼ਵਾਸ ਦੇ ਪ੍ਰਤੀਕ ਵਜੋਂ ਨਾਲ ਲੈ ਕੇ ਜਾਂਦੇ ਹਨ। ਸਿੰਘ, ਜੋ ਸਮੈਥਵਿਕ ਦੇ ਗੁਰੂ ਨਾਨਕ ਗੁਰਦੁਆਰੇ ਵਿੱਚ ਪ੍ਰਧਾਨ ਅਤੇ ਸਿੱਖ ਕੌਂਸਲ ਯੂ.ਕੇ ਦੇ ਸਕੱਤਰ ਜਨਰਲ ਵਜੋਂ ਸੇਵਾ ਨਿਭਾ ਚੁੱਕੇ ਹਨ, ਨੇ ਕਿਹਾ ਕਿ ਇਹ ਦੂਜੀ ਵਾਰ ਹੈ ਜਦੋਂ ਉਸਨੂੰ ਜਿਊਰੀ ਸੇਵਾ ਲਈ ਬੁਲਾਇਆ ਗਿਆ ਪਰ ਪਹਿਲੀ ਵਾਰ ਬਿਨਾਂ ਕਿਸੇ ਕਾਰਨ ਅਜਿਹਾ ਵਿਵਹਾਰ ਕੀਤਾ ਗਿਆ। ਸਵੇਰ ਦੇ ਸੈਸ਼ਨ ਵਿੱਚ ਉਹ ਬਿਨਾਂ ਕਿਸੇ ਦਿੱਕਤ ਦੇ ਦਾਖਲ ਹੋਇਆ ਸੀ ਪਰ ਜਦੋਂ ਦੁਪਹਿਰ ਦੇ ਖਾਣੇ ਤੋਂ ਬਾਅਦ ਉਸ ਨੇ ਅਦਾਲਤ ਵਿੱਚ ਵਾਪਸ ਜਾਣ ਦੀ ਕੋਸ਼ਿਸ਼ ਕੀਤੀ ਤਾਂ ਇੱਕ ਸੁਰੱਖਿਆ ਗਾਰਡ ਨੇ ਉਸ ਨੂੰ ਇੱਕ ਪਾਸੇ ਖਿੱਚ ਲਿਆ ਅਤੇ ਕਿਹਾ ਕਿ ਉਹ ਅੰਦਰ ਨਹੀਂ ਜਾ ਸਕਦਾ। ਸਿੰਘ ਨੇ ਦੱਸਿਆ, ਸੁਰੱਖਿਆ ਗਾਰਡ ਨੇ ਉਸ ਨੂੰ ਸ੍ਰੀ ਸਾਹਿਬ ਉਤਾਰਨ ਅਤੇ ਉਸ ਕੋਲ ਛੱਡਣ ਲਈ ਕਿਹਾ ਅਤੇ ਦਿਨ ਦੇ ਅੰਤ ਵਿੱਚ ਇਸਨੂੰ ਵਾਪਸ ਲੈਣ ਬਾਰੇ ਕਿਹਾ। ਸਿੰਘ ਮੁਤਾਬਕ, ਉਸ ਨੇ ਖ਼ੁਦ ਨੂੰ ਇਕ ਬੱਚੇ ਵਾਂਗ ਮਹਿਸੂਸ ਕੀਤਾ, ਜੋ ਸਕੂਲ ਗਿਆ ਹੈ ਅਤੇ ਕੁਝ ਅਜਿਹਾ ਲੈ ਗਿਆ ਹੈ ਜਿਸ ਨੂੰ ਉਸ ਨੂੰ ਨਹੀਂ ਲਿਜਾਣਾ ਚਾਹੀਦਾ ਸੀ ਅਤੇ ਇਸ ਨੂੰ ਜ਼ਬਤ ਕਰ ਲਿਆ ਸੀ। ਮੇਰੇ ਨਾਲ ਅਜਿਹਾ ਹੋਣ 'ਤੇ ਮੈਂ ਸ਼ਰਮਿੰਦਗੀ ਮਹਿਸੂਸ ਕੀਤੀ। ਮੈਨੂੰ ਉਮੀਦ ਨਹੀਂ ਸੀ ਕਿ ਮੇਰੇ ਨਾਲ ਅਜਿਹਾ ਹੋਵੇਗਾ। ਉਸਨੇ (MoJ) ਨੂੰ ਸਿੱਖ ਅਤੇ ਹੋਰ ਧਾਰਮਿਕ ਸੰਸਥਾਵਾਂ ਨਾਲ ਕੰਮ ਕਰਨ ਲਈ ਕਿਹਾ ਤਾਂ ਜੋ ਸਟਾਫ ਨੂੰ ਆਸਾਨੀ ਨਾਲ ਪਹੁੰਚਯੋਗ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਜਾ ਸਕਣ। ਸਿੱਖ ਫੈਡਰੇਸ਼ਨ ਯੂ.ਕੇ ਦੇ ਪ੍ਰਮੁੱਖ ਸਲਾਹਕਾਰ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਨਿਆਂ ਮੰਤਰੀ ਐਲੇਕਸ ਚਾਕ ਨੂੰ ਪੱਤਰ ਲਿਖ ਕੇ ਸਿੰਘ ਨਾਲ ਕੀਤੇ ਸਲੂਕ ਦੀ ਨਿੰਦਾ ਕਰਨ ਲਈ ਕਿਹਾ ਹੈ। ਇਸ ਦੌਰਾਨ ਮਹਾਮਹਿਮ ਅਦਾਲਤਾਂ ਅਤੇ ਟ੍ਰਿਬਿਊਨਲ ਸਰਵਿਸ (ਐਚਐਮਸੀਟੀਐਸ) ਨੇ ਸਿੰਘ ਤੋਂ ਮੁਆਫ਼ੀ ਮੰਗ ਲਈ ਹੈ।






ਸ਼ੇਰਾਂ ਦੇ ਪੁੱਤ ਸ਼ੇਰ

## ਪਿਉ ਪੰਜਾਬ ਪੁਲਿਸ ਵਿੱਚ ਡੀ ਐਸ ਪੀ ਹੈ, ਦੋਵੇਂ ਪੁੱਤ ਕਨੇਡਾ ਦੀ ਪੁਲਿਸ ਵਿੱਚ ਭਰਤੀ ਹੋਏ






ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਬੋਹੜ ਦੇ ਦਰਖਤ ਹੇਠਾਂ ਬੋਹੜ ਨਹੀਂ ਉੱਗਦਾ ਵਾਲੀ ਕਹਾਵਤ ਨੂੰ ਝੁਠਲਾਉਂਦਿਆਂ, ਸ਼ੇਰਾਂ ਦੇ ਪੁੱਤ ਸ਼ੇਰ ਹੋਣ ਉੱਪਰ ਮੋਹਰ ਲਗਾਉਂਦਿਆਂ ਪੰਜਾਬ ਪੁਲਿਸ ਦੇ ਡੀ ਐਸ ਪੀ ਜਤਿੰਦਰਪਾਲ ਸਿੰਘ ਦਾ ਵੱਡਾ ਮੁੰਡਾ ਸ਼ਾਹਬਾਜ਼ ਸਿੰਘ ਵਿਨੀਪੈਗ ਪੁਲਿਸ ਵਿਚ ਭਰਤੀ ਹੋਇਆ ਹੈ। ਵੱਡੇ ਪੁੱਤਰ ਸ਼ਾਹਬਾਜ਼ ਸਿੰਘ ਦੀ ਪਾਸਿੰਗ ਆਊਟ ਪਰੇਡ ਮੌਕੇ ਡੀ ਐਸ ਪੀ ਜਤਿੰਦਰਪਾਲ ਸਿੰਘ ਵੀ ਖ਼ੁਦ ਪੰਜਾਬ ਪੁਲਿਸ ਦੀ ਵਰਦੀ ਪਾ ਕੇ ਸ਼ਾਮਿਲ ਹੋਇਆ। ਵਰਣਨਯੋਗ ਹੈ ਕਿ ਜਤਿੰਦਰਪਾਲ ਸਿੰਘ ਦਾ ਦੂਜਾ ਮੁੰਡਾ ਇਸ਼ਪ੍ਰੀਤ ਸਿੰਘ ਵੀ ਵਿਨੀਪੈਗ ਵਿੱਚ ਹੀ ਪੁਲਿਸ (ਕੈਡਿਟ)ਦੀ ਟ੍ਰੇਨਿੰਗ ਲੈ ਰਿਹਾ ਹੈ ਅਤੇ ਇਸ ਤੋਂ ਵੀ ਅੱਗੇ ਦੀ ਗੱਲ ਕਿ ਵੱਡੇ ਲੜਕੇ ਸ਼ਾਹਬਾਜ਼ ਸਿੰਘ ਦੀ ਮੰਗੇਤਰ ਵੀ ਵਿਨੀਪੈਗ ਪੁਲਿਸ 'ਚ ਹੀ ਹੈ।

## ਅਮਰੀਕੀ ਅਦਾਲਤ ਵੱਲੋਂ ਕੈਲੀਫੋਰਨੀਆ 'ਚ ਹਥਿਆਰਾਂ 'ਤੇ ਪਾਬੰਦੀ ਜਾਰੀ, ਫ਼ੈਸਲੇ ਖ਼ਿਲਾਫ਼ ਅਪੀਲ



ਲਾਸ ਏਂਜਲਸ (ਪੰਜਾਬੀ ਅਖਬਾਰ ਬਿਊਰੋ)- ਇੱਕ ਯੂਐੱਸ ਦੀ ਅਪੀਲ ਅਦਾਲਤ ਨੇ ਬੀਤੇ ਦਿਨੀਂ ਫ਼ੈਸਲਾ ਸੁਣਾਇਆ ਕਿ ਕੈਲੀਫੋਰਨੀਆ ਦੇ ਹਮਲਾਵਰ ਹਥਿਆਰਾਂ ਤੇ ਪਾਬੰਦੀ ਲਾਗੂ ਰਹਿੰਦੀ ਹੈ। ਜਦੋਂ ਕਿ ਰਾਜ ਦੇ ਅਟਾਰਨੀ ਜਨਰਲ ਨੇ 30 ਸਾਲ ਪੁਰਾਣੇ ਉਪਾਅ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦੇ ਹੋਏ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਅਪੀਲ ਕੀਤੀ ਹੈ। 9ਵੀਂ ਯੂਐਸ ਸਰਕਟ ਕੋਰਟ ਆਫ਼ ਅਪੀਲਜ਼ ਦੇ ਤਿੰਨ ਜੱਜਾਂ ਦੇ ਇੱਕ ਵੰਡੇ ਪੈਨਲ ਨੇ ਪਿਛਲੇ ਹਫ਼ਤੇ ਯੂਐਸ ਜ਼ਿਲ੍ਹਾ ਜੱਜ ਰੋਜ਼ਰ ਬੇਨੀਟੇਜ਼ ਦੁਆਰਾ ਜਾਰੀ ਕੀਤੇ ਹੁਕਮ ਨੂੰ ਲਾਗੂ ਕਰਨ ਤੋਂ ਰੋਕ ਦਿੱਤਾ ਜਦੋਂ ਕਿ ਕੇਸ ਦੀ ਸਮੀਖਿਆ ਕੀਤੀ ਜਾ ਰਹੀ ਹੈ। ਪੈਨਲ ਨੇ ਸਰਬਸੰਮਤੀ ਨਾਲ ਇਹ ਵੀ ਸਹਿਮਤੀ ਦਿੱਤੀ ਕਿ ਬੰਦੂਕ ਕਾਨੂੰਨ ਦੇ ਸਮਰਥਨ ਵਿੱਚ ਰਾਜ ਦੇ ਅਟਾਰਨੀ ਜਨਰਲ ਰੌਬ ਬੋਂਟਾ ਦੀ ਅਪੀਲ ਨੂੰ ਇਸਦੇ ਗੁਣਾਂ ਦੇ ਅਧਾਰ ਤੇ ਤੇਜ਼ੀ ਨਾਲ ਸੁਣਿਆ ਜਾਵੇਗਾ। ਬੈਨੀਟੇਜ਼ ਨੇ ਬੰਦੂਕ ਦੇ ਅਧਿਕਾਰਾਂ ਦੇ ਵਕੀਲਾਂ ਨਾਲ ਸਹਿਮਤੀ ਪ੍ਰਗਟਾਈ ਕਿ ਹਮਲੇ ਦੇ ਹਥਿਆਰ AR-15 ਵਰਗੇ ਅਰਧ-ਆਟੋਮੈਟਿਕ ਹਥਿਆਰਾਂ ਤੋਂ ਵਾਂਝੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕਾਂ 'ਤੇ ਪਾਬੰਦੀ ਲਗਾਉਂਦੇ ਹਨ, ਜਿਸ ਦੀ ਗਾਰੰਟੀ ਹੋਰ ਸੋਧ ਦੁਆਰਾ ਹਥਿਆਰ ਰੱਖਣ ਅਤੇ ਚੁੱਕਣ ਦਾ ਸੰਵਿਧਾਨਕ ਅਧਿਕਾਰ ਹੈ। ਇਸੇ ਤਰ੍ਹਾਂ ਦੇ ਇੱਕ ਕੇਸ ਵਿੱਚ, ਅਪੀਲ ਦੀ ਫੁੱਲ ਕੋਰਟ ਨੇ ਪਾਇਆ ਕਿ ਅਟਾਰਨੀ ਜਨਰਲ ਦੇ ਯੋਗਤਾਵਾਂ ਤੇ ਸਫਲ ਹੋਣ ਦੀ ਸੰਭਾਵਨਾ ਸੀ ਅਤੇ ਜੇਕਰ ਸਟੇਅ ਨਾ ਦਿੱਤੀ ਗਈ ਤਾਂ ਕੈਲੀਫੋਰਨੀਆ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਵੇਗਾ। ਹਾਲਾਂਕਿ, 9ਵੇਂ ਸਰਕਟ ਪੈਨਲ ਨੇ, 2-1 ਦੇ ਬਹੁਮਤ ਨਾਲ, ਜੱਜ ਦੇ ਆਦੇਸ਼ ਨੂੰ ਰੋਕ ਦਿੱਤਾ।

## ਪ੍ਰਦਰਸ਼ਨਾਂ ਨੂੰ ਨਜ਼ਰਅੰਦਾਜ਼ ਕਰਕੇ ਗਾਜ਼ਾ ਨੂੰ ਲਤਾੜ ਰਿਹੈ ਇਜ਼ਰਾਈਲ

ਯੇਰੂਸ਼ਲਮ (ਪੰਜਾਬੀ ਅਖਬਾਰ ਬਿਊਰੋ)- ਵਿਸ਼ਵਵਿਆਪੀ ਵਿਰੋਧ ਪ੍ਰਦਰਸ਼ਨਾਂ ਅਤੇ ਜੰਗਬੰਦੀ ਦੀ ਮੰਗ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ, ਗਾਜ਼ਾ ਪੱਟੀ ਵਿੱਚ ਇਜ਼ਰਾਈਲ ਦੀ ਫੌਜੀ ਕਾਰਵਾਈ ਦਾ ਘੇਰਾ ਅਤੇ ਤੀਬਰਤਾ ਵਧਦੀ ਜਾ ਰਹੀ ਹੈ। ਯੁੱਧ ਦੇ ਦੂਜੇ ਪੜਾਅ ਦਾ ਐਲਾਨ ਕਰਦੇ ਹੋਏ ਇਜ਼ਰਾਇਲੀ ਫੌਜ ਨੇ ਗਾਜ਼ਾ 'ਚ ਰਾਤ ਭਰ ਵੱਡੇ ਜ਼ਮੀਨੀ ਅਤੇ ਹਵਾਈ ਹਮਲੇ ਕੀਤੇ। ਇਨ੍ਹਾਂ ਹਮਲਿਆਂ ਵਿੱਚ ਹਮਾਸ ਦੇ 450 ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ ਗਿਆ ਹੈ। ਇਨ੍ਹਾਂ ਠਿਕਾਣਿਆਂ ਵਿਚ ਵੱਡੀ ਗਿਣਤੀ ਵਿਚ ਜ਼ਮੀਨਦੋਜ਼ ਛੁਪਣਗਾਹਾਂ-ਸੁਰੰਗਾਂ ਹਨ। ਜੰਗ ਦੇ 23ਵੇਂ ਦਿਨ ਗਾਜ਼ਾ ਵਿੱਚ ਮਰਨ ਵਾਲਿਆਂ ਦੀ ਗਿਣਤੀ ਅੱਠ ਹਜ਼ਾਰ ਨੂੰ ਪਾਰ ਕਰ ਗਈ, ਜਦੋਂ ਕਿ 20 ਹਜ਼ਾਰ ਲੋਕ ਜ਼ਖ਼ਮੀ ਹੋ ਗਏ। ਮ੍ਰਿਤਕਾਂ ਅਤੇ ਜ਼ਖਮੀਆਂ 'ਚ ਵੱਡੀ ਗਿਣਤੀ ਬੱਚੇ ਅਤੇ ਔਰਤਾਂ ਹਨ। ਹਮਾਸ ਦੇ ਲੜਾਕਿਆਂ ਨੇ ਗਾਜ਼ਾ ਪੱਟੀ ਵਿੱਚ ਦਾਖਲ ਹੋਏ ਦੋ ਇਜ਼ਰਾਈਲੀ ਟੈਂਕਾਂ ਨੂੰ ਤਬਾਹ ਕਰਨ ਦਾ ਦਾਅਵਾ ਕੀਤਾ ਹੈ। ਹਮਾਸ ਵੀ ਇਜ਼ਰਾਈਲ ਦੀ ਰਾਜਧਾਨੀ ਤੇਲ ਅਵੀਵ ਅਤੇ ਦੇਸ਼ ਦੇ ਮੱਧ ਹਿੱਸੇ 'ਤੇ ਲਗਾਤਾਰ ਰਾਕੇਟ ਹਮਲੇ ਕਰ ਰਿਹਾ ਹੈ ਪਰ ਇਜ਼ਰਾਈਲ ਦੀ ਹਵਾਈ ਰੱਖਿਆ ਪ੍ਰਣਾਲੀ ਜ਼ਿਆਦਾਤਰ ਹਮਲਿਆਂ ਨੂੰ ਨਾਕਾਮ ਕਰ ਰਹੀ ਹੈ। ਇਜ਼ਰਾਇਲੀ ਬਲਾਂ ਦੇ ਬੁਲਾਰੇ ਰੀਅਰ ਐਡਮਿਰਲ ਡੇਨੀਅਲ ਹਾਗਾਰੀ ਨੇ ਕਿਹਾ ਹੈ ਕਿ ਅਸੀਂ ਆਪਣੀ ਕਾਰਵਾਈ ਦਾ ਘੇਰਾ ਵਧਾ ਰਹੇ ਹਾਂ। ਅਸੀਂ ਆਪਣੇ ਦੇਸ਼ ਦੀ ਸੁਰੱਖਿਆ ਲਈ ਜ਼ਮੀਨ, ਅਸਮਾਨ ਅਤੇ ਸਮੁੰਦਰ 'ਤੇ ਹਰ ਲੋੜੀਂਦੀ ਕਾਰਵਾਈ ਕਰਾਂਗੇ। ਅਸੀਂ ਯਕੀਨੀ ਤੌਰ 'ਤੇ ਜੰਗ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਾਂਗੇ।






## ਗਾਜ਼ਾ 'ਚ ਸਹਾਇਤਾ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਖੇਪ ਪੁੱਜੀ

### ਇਜ਼ਰਾਇਲੀ ਹਮਲਿਆਂ 'ਚ ਮਰਨ ਵਾਲਿਆਂ ਦੀ ਗਿਣਤੀ 8000 ਤੋਂ ਟੱਪੀ



ਦੀਰ ਅਲ-ਬਲਾਹ (ਪੰਜਾਬੀ ਅਖਬਾਰ ਬਿਊਰੋ)- ਇਜ਼ਰਾਈਲ ਅਤੇ ਹਮਾਸ ਦਰਮਿਆਨ ਜੰਗ ਸ਼ੁਰੂ ਹੋਣ ਤੋਂ ਬਾਅਦ ਸਹਾਇਤਾ ਦੀ ਸਭ ਤੋਂ ਵੱਡੀ ਖੇਪ ਲੈ ਕੇ ਜਾ ਰਹੇ ਕਰੀਬ ਤਿੰਨ ਦਰਜਨ ਟਰੱਕ ਗਾਜ਼ਾ ਵਿੱਚ ਦਾਖ਼ਲ ਹੋਏ ਪਰ ਮਨੁੱਖੀ ਅਧਿਕਾਰ ਕਾਰਕੁੰਨਾਂ ਨੇ ਕਿਹਾ ਕਿ ਇਹ ਸਹਾਇਤਾ ਕਾਫ਼ੀ ਨਹੀਂ ਹੈ। ਹਜ਼ਾਰਾਂ ਲੋਕ ਆਟਾ ਅਤੇ ਹੋਰ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਇਕੱਠਾ ਕਰਨ ਲਈ ਗਾਜ਼ਾ ਵਿੱਚ ਰਾਹਤ ਸਹਾਇਤਾ ਗੁਦਾਮਾਂ 'ਤੇ ਟੁੱਟ ਪਏ ਪਰ ਮਾਨਵਤਾਵਾਦੀ ਕਰਮਚਾਰੀਆਂ ਨੇ ਕਿਹਾ ਕਿ ਸਹਾਇਤਾ ਅਜੇ ਵੀ ਲੋੜ ਤੋਂ ਬਹੁਤ ਘੱਟ ਹੈ। ਉੱਧਰ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਐਤਵਾਰ ਨੂੰ ਕਿਹਾ ਕਿ ਮਰਨ ਵਾਲੇ ਫਲਸਤੀਨੀਆਂ ਦੀ ਗਿਣਤੀ 8,000 ਤੋਂ ਪਾਰ ਹੋ ਗਈ, ਜਿਹਨਾਂ ਵਿਚ ਜ਼ਿਆਦਾਤਰ ਔਰਤਾਂ ਅਤੇ ਨਾਬਾਲਗ ਸਨ। ਦਹਾਕਿਆਂ ਤੋਂ ਚੱਲੀ ਆ ਰਹੀ ਇਜ਼ਰਾਈਲ-ਫਲਸਤੀਨੀ ਹਿੰਸਾ ਵਿੱਚ ਮਰਨ ਵਾਲਿਆਂ ਦੀ ਕੋਈ ਸਪੱਸ਼ਟ ਗਿਣਤੀ ਨਹੀਂ ਹੈ। ਇਜ਼ਰਾਈਲ ਵਾਲੇ ਪਾਸੇ 1,400 ਤੋਂ ਵੱਧ ਲੋਕ ਮਾਰੇ ਗਏ ਹਨ। ਗਾਜ਼ਾ ਦੇ ਜ਼ਿਆਦਾਤਰ 23 ਲੱਖ ਲੋਕਾਂ ਲਈ ਸੰਚਾਰ ਸੇਵਾਵਾਂ ਬਹਾਲ ਕੀਤੀਆਂ ਗਈਆਂ। ਇਜ਼ਰਾਈਲ ਨੇ ਸਹਾਇਤਾ ਦੀ ਸਿਰਫ ਥੋੜ੍ਹੀ ਜਿਹੀ ਮਦਦ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਹੈ। ਰਫਾਹ ਕਰਾਸਿੰਗ ਦੇ ਇਕ ਬੁਲਾਰੇ ਵੇਲ ਅਬੋ ਉਮਰ ਨੇ ਐਸੋਸੀਏਟਡ ਪ੍ਰੈਸ ਨੂੰ ਦੱਸਿਆ ਕਿ ਐਤਵਾਰ ਨੂੰ ਪਾਣੀ, ਭੋਜਨ ਅਤੇ ਦਵਾਈਆਂ ਵਾਲੇ 33 ਟਰੱਕ ਮਿਸਰ ਤੋਂ ਇਕੋ-ਇਕ ਸਰਹੱਦੀ ਲਾਂਘੇ ਵਿਚ ਦਾਖਲ ਹੋਏ। ਰਫਾਹ ਕਰਾਸਿੰਗ ਦਾ ਦੌਰਾ ਕਰਨ ਤੋਂ ਬਾਅਦ ਕਰੀਮ ਖਾਨ ਨੇ ਕਿਹਾ, ÷ਇਹ ਸਭ ਤੋਂ ਦੁਖਦਾਈ ਦਿਨ ਹਨ,÷। ਖਾਨ ਨੇ ਇਜ਼ਰਾਈਲ ਨੂੰ ਅੰਤਰਰਾਸ਼ਟਰੀ ਕਾਨੂੰਨ ਦਾ ਸਨਮਾਨ ਕਰਨ ਲਈ ਕਿਹਾ ਪਰ ਉਸ 'ਤੇ ਜੰਗੀ ਅਪਰਾਧਾਂ ਦਾ ਦੋਸ਼ ਲਗਾਉਣ ਤੋਂ ਰੋਕਿਆ। ਉਨ੍ਹਾਂ ਨੇ ਹਮਾਸ ਦੇ 7 ਅਕਤੂਬਰ ਦੇ ਹਮਲੇ ਨੂੰ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੀ ਗੰਭੀਰ ਉਲੰਘਣਾ ਦੱਸਿਆ। ਇਜ਼ਰਾਈਲੀ ਫੌਜ ਨੇ ਐਤਵਾਰ ਨੂੰ ਕਿਹਾ ਕਿ ਉਸਨੇ ਪਿਛਲੇ 24 ਘੰਟਿਆਂ ਵਿੱਚ 450 ਤੋਂ ਵੱਧ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕੀਤਾ ਹੈ, ਜਿਸ ਵਿੱਚ ਹਮਾਸ ਕਮਾਂਡ ਸੈਂਟਰ ਅਤੇ ਐਂਟੀ-ਟੈਂਕ ਮਿਜ਼ਾਈਲ ਲਾਂਚਿੰਗ ਸਥਾਨ ਸ਼ਾਮਲ ਹਨ। ਗਾਜ਼ਾ ਸ਼ਹਿਰ 'ਤੇ ਧੂੰਏਂ ਦੇ ਵੱਡੇ ਗੁਬਾਰ ਉੱਠੇ। ਫੌਜ ਦੇ ਬੁਲਾਰੇ ਰੀਅਰ ਐਡਮ ਡੈਨੀਅਲ ਹੈਗਾਰੀ ਨੇ ਕਿਹਾ ਕਿ ਦਰਜਨਾਂ ਅੱਤਵਾਦੀ ਮਾਰੇ ਗਏ ਹਨ। ਇਜ਼ਰਾਈਲ ਦਾ ਕਹਿਣਾ ਹੈ ਕਿ ਜ਼ਿਆਦਾਤਰ ਗਾਜ਼ਾ ਨਿਵਾਸੀਆਂ ਨੇ ਘੇਰੇ ਹੋਏ ਖੇਤਰ ਦੇ ਦੱਖਣੀ ਹਿੱਸੇ ਵੱਲ ਭੱਜਣ ਦੇ ਉਸਦੇ ਆਦੇਸ਼ਾਂ ਦੀ ਪਾਲਣਾ ਕੀਤੀ ਹੈ, ਪਰ ਸੈਂਕੜੇ ਹਜ਼ਾਰਾਂ ਉੱਤਰ ਵਿੱਚ ਰਹਿੰਦੇ ਹਨ। ਗਾਜ਼ਾ ਵਿੱਚ 14 ਲੱਖ ਤੋਂ ਵੱਧ ਲੋਕ ਆਪਣੇ ਘਰ ਛੱਡ ਕੇ ਭੱਜ ਗਏ ਹਨ। ਹਮਾਸ ਦੇ ਫੌਜੀ ਵਿੰਗ ਨੇ ਕਿਹਾ ਕਿ ਉਸ ਦੇ ਅੱਤਵਾਦੀਆਂ ਨੇ ਛੋਟੇ ਹਥਿਆਰਾਂ ਅਤੇ ਐਂਟੀ-ਟੈਂਕ ਮਿਜ਼ਾਈਲਾਂ ਨਾਲ ਉੱਤਰ-ਪੱਛਮੀ ਗਾਜ਼ਾ ਪੱਟੀ ਵਿੱਚ ਦਾਖਲ ਹੋਏ ਇਜ਼ਰਾਈਲੀ ਸੈਨਿਕਾਂ ਨਾਲ ਝੜਪ ਕੀਤੀ। ਫਲਸਤੀਨੀ ਅੱਤਵਾਦੀਆਂ ਨੇ ਇਜ਼ਰਾਈਲ ਦੇ ਵਪਾਰਕ ਕੇਂਦਰ, ਤੇਲ ਅਵੀਵ ਸਮੇਤ, ਵਿੱਚ ਰਾਕੇਟ ਦਾਗਣਾ ਜਾਰੀ ਰੱਖਿਆ ਹੈ। ਯੂਐਨਆਰਡਬਲਯੂਏ ਵਜੋਂ ਜਾਣੇ ਜਾਂਦੇ ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੀ ਏਜੰਸੀ ਲਈ ਗਾਜ਼ਾ ਦੇ ਡਾਇਰੈਕਟਰ ਥਾਮਸ ਵ੍ਹਾਈਟ ਨੇ ਕਿਹਾ ਕਿ ਸਹਾਇਤਾ ਵੇਅਰਹਾਊਸ ਬਰੇਕ-ਇਨ ÷ਇੱਕ ਚਿੰਤਾਜਨਕ ਸੰਕੇਤ ਸਨ। ਲੋਕ ਡਰੇ ਹੋਏ, ਨਿਰਾਸ਼ ਅਤੇ ਹਤਾਸ਼ ਹਨ।÷ ਇਜ਼ਰਾਈਲ ਦਾ ਕਹਿਣਾ ਹੈ ਕਿ ਹਮਾਸ ਇਸ ਸਹਾਇਤਾ ਦੀ ਵਰਤੋਂ ਫੌਜੀ ਉਦੇਸ਼ਾਂ ਲਈ ਕਰੇਗਾ ਅਤੇ ਇਹ ਕਿ ਅੱਤਵਾਦੀ ਸਮੂਹ ਖੇਤਰ ਵਿਚ ਆਪਣੇ ਲਈ ਵੱਡੇ ਤੇਲ ਦੇ ਭੰਡਾਰਾਂ ਨੂੰ ਇਕੱਠਾ ਕਰ ਰਿਹਾ ਹੈ। ਉਸ ਦਾਅਵੇ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਜਾ ਸਕੀ। ਸੰਯੁਕਤ ਰਾਸ਼ਟਰ ਵਿਸ਼ਵ ਖੁਰਾਕ ਪ੍ਰੋਗਰਾਮ ਨੇ ਕਿਹਾ ਕਿ ਇੱਕ ਗੋਦਾਮ ਵਿੱਚ 80 ਟਨ ਭੋਜਨ ਰੱਖਿਆ ਗਿਆ ਸੀ। ਇਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਦੇ ਘੱਟੋ-ਘੱਟ 40 ਟਰੱਕਾਂ ਨੂੰ ਰੋਜ਼ਾਨਾ ਵਧਦੀਆਂ ਖੁਰਾਕੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਗਾਜ਼ਾ ਵਿੱਚ ਜਾਣਾ ਪੈਂਦਾ ਹੈ।